ਆਤਮਿਕ ਚੱਟਾਨ ਦਾ ਪੱਥਰ ਨੰਬਰ 141

# ਰੱਬੀ ਸੁਭਾਅ ਦਾ ਹਿੱਸਾ ਬਣਨ ਲਈ

# TO BE PARTAKERS OF THE DIVINE NATURE

ਦੂਜਾ ਪਤਰਸ 1:3–4, *ਜਦੋਂ ਉਹ ਦੀ ਈਸ਼ਰੀ ਸਮਰੱਥਾ ਨੇ ਸਭੋ ਕੁਝ ਜੋ ਜੀਵਨ ਅਤੇ ਭਗਤੀ ਨਾਲ ਵਾਸਤਾ ਰੱਖਦਾ ਹੈ ਸਾਨੂੰ ਓਸੇ ਦੇ ਗਿਆਨ ਦੇ ਦੁਆਰਾ ਦਿੱਤਾ ਹੈ ਜਿਹ ਨੇ ਆਪਣੇ ਹੀ ਪਰਤਾਪ ਅਤੇ ਗੁਣ ਨਾਲ ਸਾਨੂੰ ਸੱਦਿਆ। ਜਿਨ੍ਹਾਂ ਦੇ ਰਾਹੀਂ ਉਹ ਨੇ ਸਾਨੂੰ ਅਮੋਲਕ ਅਤੇ ਵੱਡੇ ਵੱਡੇ ਵਾਇਦੇ ਦਿੱਤੇ ਹਨ ਭਈ ਤੁਸੀਂ ਓਸ ਵਿਨਾਸ ਤੋਂ ਛੁੱਟ ਕੇ ਜੋ ਕਾਮਨਾ ਦੇ ਕਾਰਨ ਜਗਤ ਵਿੱਚ ਹੈ ਉਨ੍ਹਾਂ ਦੇ ਦੁਆਰਾ ਈਸ਼ਰੀ ਸੁਭਾਉ ਦੇ ਵਿੱਚ ਸਾਂਝੀ ਹੋ ਜਾਓ।*

ਸੁਣੋ ਪਰਮੇਸ਼ੁਰ ਦਾ ਨਬੀ ਇਸ ਬਾਰੇ ਕੀ ਕਹਿੰਦਾ ਹੈ:
**ਜਦੋਂ ਤੱਕ ਤੁਸੀ ਪਵਿੱਤਰ ਆਤਮਾ ਪ੍ਰਾਪਤ ਨਹੀ ਕਰ ਲੈਂਦੇ, ਤੁਸੀਂ ਬਦਲਦੇ ਨਹੀਂ ਹੋ।** ਬਾਈਬਲ ਵੀ ਅਜਿਹਾ ਹੀ ਕਹਿੰਦੀ ਹੈ। ਪਤਰਸ ਬਚਾਇਆ ਵੀ ਗਿਆ ਸੀ ਅਤੇ ਪਵਿੱਤਰ ਵੀ ਕੀਤਾ ਗਿਆ ਸੀ, ਉਸਨੂੰ ਦੁਸ਼ਟ ਆਤਮਾਵਾਂ ਨੂੰ ਕੱਢਣ ਲਈ, ਅਤੇ ਖੁਸ਼ਖਬਰੀ ਦਾ ਪ੍ਰਚਾਰ ਕਰਨ ਲਈ ਸ਼ਕਤੀ ਵੀ ਦਿੱਤੀ ਗਈ ਸੀ (ਲੂਕਾ 9:1–2), **ਯਿਸੂ ਨੇ ਉਸਨੂੰ ਸਾਫ–ਸਾਫ ਕਹਿ ਦਿੱਤਾ ਸੀ ਕਿ ਉਹ ਬਦਲਿਆ ਹੋਇਆ ਨਹੀਂ ਹੈ, ਜਦ ਤੱਕ ਕਿ ਉਹ ਪਵਿੱਤਰ ਆਤਮਾ ਨਹੀਂ ਪਾਉਂਦਾ।** ਅਤੇ ਉਸਨੇ ਕਿਹਾ, "ਬਦਲਣ ਤੋਂ ਬਾਅਦ, ਆਪਣੇ ਭਰਾਵਾਂ ਨੂੰ ਤਕੜਿਆਂ ਕਰੀਂ।" (ਲੂਕਾ 22:31–32)। ਫੜਵਾਏ ਜਾਣ ਵਾਲੀ ਰਾਤ ਅਜਿਹਾ ਹੀ ਸੀ, ਕਿ ਉਹ ਅਜੇ ਤੱਕ ਨਹੀਂ ਬਦਲਿਆ ਸੀ। ਅਤੇ ਕੋਈ ਮਨੁੱਖ ਸੱਚਮੁੱਚ ਤਬਦੀਲ ਨਹੀਂ ਹੁੰਦਾ ਜਦੋਂ ਤੱਕ ਕਿ ਉਹ ਨਾ ਬਦਲੇ, ਅਤੇ ਆਪਣੇ ਆਪ ਤੋਂ ਨਾ ਮਰੇ, ਅਤੇ ਪਵਿੱਤਰ ਆਤਮਾ ਉਸ ਵਿਅਕਤੀ ਨੂੰ ਆਪਣੇ ਨਿਯੰਤ੍ਰਣ ਵਿੱਚ ਨਾ ਲਵੇ। ਉਹ ਅਜਿਹਾ ਕਰਨਾ ਨਹੀ ਚਾਹੁੰਦੇ ਹਨ।

ਹੁਣ, ਪਵਿੱਤਰ ਆਤਮਾ ਇੱਕ ਵਿਅਕਤੀ ਵਿੱਚ ਰਹਿ ਕੇ ਮਾੜਾ ਵਿਵਹਾਰ , ਅਤੇ ਦੂਸਰੇ ਵਿੱਚ ਰਹਿ ਕੇ ਚੰਗਾ ਵਿਵਹਾਰ ਨਹੀ ਕਰੇਗਾ। **ਇਹ ਹਰੇਕ ਵਿਅਕਤੀ ਨੂੰ ਆਪਣੇ ਹੀ ਈਸ਼ੁਰੀ ਚਰਿੱਤਰ ਵਿੱਚ ਲਿਆਵੇਗਾ, ਕਿਉਂਕਿ ਇਹ ਆਤਮਾ ਹੈ ਜਿਹੜਾ ਤੁਹਾਡੀ ਅਗੁਵਾਈ ਕਰਦਾ ਹੈ।** ਇਹ ਤੁਹਾਨੂੰ ਆਪਣੇ ਹੀ ਸੁਭਾਅ ਦੇ ਅਧੀਨ ਲਿਆਉਂਦਾ ਹੈ। ਤੁਸੀਂ ਉਸਨੂੰ ਆਪਣੇ ਸੁਭਾਅ ਦੇ ਅਧੀਨ ਨਹੀਂ ਕਰਦੇ ਹੋ; **ਇਹ ਤੁਹਾਨੂੰ ਆਪਣੇ ਸੁਭਾਅ ਦੇ ਅਧੀਨ ਕਰਦਾ ਹੈ।** ਅਤੇ ਪਵਿੱਤਰ ਆਤਮਾ ਹੀ ਤੁਹਾਨੂੰ ਅਜਿਹਾ ਬਣਾਉਂਦਾ ਹੈ ਕਿ ਤੁਸੀਂ ਅਜਿਹਾ ਜੀਵਨ ਜੀਓ ਅਤੇ ਅਜਿਹਾ ਕਰਨਾ ਪਸੰਦ ਕਰੋ। **ਓਹ, ਕਿਵੇਂ ਤੁਸੀ ਸੰਸਾਰ ਦੀਆਂ ਵਸਤਾਂ ਨੂੰ ਛੱਡਣਾ ਚਾਹੁੰਦੇ ਹੋ, ਜਦੋਂ ਪਵਿੱਤਰ ਆਤਮਾ ਅੰਦਰ ਆ ਜਾਂਦਾ ਹੈ।** ਕਿਵੇਂ ਇਹ ਤੁਹਾਨੂੰ ਸਾਫ ਕਰਦਾ ਹੈ ਅਤੇ ਧੋਂਦਾ ਹੈ, (1ਯੂਹੰਨਾ 3:3) **ਅਤੇ ਤੁਹਾਡੇ ਅੰਦਰ ਇੱਛਾ ਪੈਦਾ ਕਰਦਾ ਹੈ ਕਿ ਤੁਸੀਂ ਉਸਦੇ ਪਿੱਛੇ ਚੱਲੋ,** ਅਤੇ ਇਸਨੂੰ ਹੋਰ ਜਿਆਦਾ ਪ੍ਰਾਪਤ ਕਰਨ ਦੀ ਪਿਆਸ, ਭੁੱਖ ਪੈਦਾ ਕਰਦਾ ਹੈ, ਬਸ ਤੁਹਾਡਾ ਸਨਾਨ ਕਰਦਾ ਹੈ। ਉਹ ਅਸਲੀਅਤਾਂ ਨੂੰ ਲਿਆਉਂਦਾ ਹੈ।[1]

**ਅਤੇ ਤੁਸੀਂ ਕਿਸੇਵਿਅਕਤੀ ਨੂੰ ਉਦੋਂ ਤੱਕ ਪਰਮੇਸ਼ਰ ਦਾ ਬਚਨ ਨਹੀ ਸਮਝਾ ਸਕਦੇ ਹੋ ਜਦੋਂ ਤੱਕ ਕਿ ਉਸਦਾ ਸੁਭਾਅ ਬਦਲ ਨਹੀ ਜਾਂਦਾ** (ਯੂਹੰਨਾ 3:3)। ਅਤੇ ਜਦ ਉਸਦਾ ਸੁਭਾਅ ਉਸ ਬਦਲ ਜਾਂਦਾ ਹੈ ਕਿ ਉਹ ਪਰਮੇਸ਼ੁਰ ਦਾ ਪੁੱਤਰ ਹੈ ਅਤੇ ਫਿਰ ਪਵਿੱਤਰ ਆਤਮਾ ਉਸ ਵਿੱਚ ਆਉਂਦਾ ਹੈ। ਪਵਿੱਤਰ ਆਤਮਾ ਨੇ ਹੀ ਪਰਮੇਸ਼ੁਰ ਦਾ ਵਚਨ  ਲਿਖਿਆ ਹੈ।[2]

*ਆਤਮਾ ਅਤੇ ਪ੍ਰਾਣ ਵਿੱਚ ਕੀ ਅੰਤਰ ਹੈ?*

**ਪਹਿਲੀ ਚੀਜ ਜੋ ਤੁਸੀਂ ਹੋ, ਇਕ ਤ੍ਰੀਏਕ ਵਿਅਕਤੀ ਹੋ,** ਜਿਵੇਂ ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ ਹੈ। **ਪਿਤਾ, ਪੁੱਤਰ, ਤੇ ਪਵਿੱਤਰ ਆਤਮਾ ਇਕ ਆਦਮੀ ਨੂੰ ਦਿੱਤੇ ਜਾਣ ਵਾਲੇ ਤਿੰਨ ਖਿਤਾਬ ਹਨ, ਜੋ ਕਿ ਯਿਸੂ ਮਸੀਹ ਹੈ। ਅਤੇ ਤੁਸੀ ਪ੍ਰਾਣ, ਸਰੀਰ, ਤੇ ਆਤਮਾ ਹੋ। ਪਰ ਇਹਨਾਂ ਤਿੰਨਾਂ ਨੂੰ ਤੁਹਾਨੂੰ ਬਣਾਉਣ ਲਈ ਲਿਆ ਜਾਂਦਾ ਹੈ।** ਉਹਨਾਂ ਵਿੱਚੋਂ ਸਿਰਫ ਇੱਕ ਦੇ ਨਾਲ ਤੁਸੀ ਨਹੀਂ ਹੋ। ਤੁਹਾਨੂੰ ਬਣਾਉਣ ਲਈ ਇਹਨਾਂ ਤਿੰਨਾਂ ਨੂੰ ਲਿਆ ਜਾਦਾ ਹੈ।

ਜਿਵੇਂ ਕਿ ਮੈਂ ਦੂਸਰੇ ਦਿਨ ਕਿਹਾ," ਇਹ ਮੇਰਾ ਹੱਥ ਹੈ, ਇਹ ਮੇਰੀ ਉਂਗਲੀ ਹੈ, ਇਹ ਮੇਰਾ ਨੱਕ ਹੈ, ਇਹ ਮੇਰੀਆਂ ਅੱਖਾਂ ਹਨ, ਪਰ ਮੈਂ ਕੌਣ ਹਾਂ?" **ਮੈਂ ਕੌਣ ਹਾਂ ਜਿਸ ਨਾਲ ਇਹ ਸਬੰਧਿਤ ਹੈ? ਇਹ ਉਹ ਹੈ ਜੋ ਮੇਰੇ ਅੰਦਰ ਹੈ, ਉਹ ਹੈ ਬੁੱਧੀ।**

ਜੇ ਇਹ ਅੱਖਾਂ, ਜੇ ਇਹ ਹੱਥ, ਜੇ ਇਹ ਸਰੀਰ ਇੱਥੇ ਖੜ੍ਹਾ ਹੈ ਜਿਵੇਂ ਇਹ ਅੱਜ ਹੈ, ਫਿਰ ਵੀ ਮੈਂ... ਮੇਰਾ ਸਰੀਰ ਇੱਥੇ ਹੋ ਸਕਦਾ ਹੈ, ਪਰ ਮੈਂ ਕਿਤੇ ਹੋਰ ਗਿਆ ਹੋ ਸਕਦਾ ਹਾਂ, ਮੈਂ ਕੀ ਹਾਂ। ਜੋ ਕੁਝ ਵੀ ਮੈਂ ਹਾਂ ਆਪਣੇ ਅੰਦਰੋਂ ਉਹ ਜਾ ਚੁੱਕਾ ਹੈ। **ਇਹ ਉਹ ਹਿੱਸਾ ਹੈ ਜੋ ਆਤਮਾ ਹੈ। ਪ੍ਰਾਣ ਉਸ ਆਤਮਾ ਦਾ ਸੁਭਾਅ ਹੈ, ਕਿ ਜਦ ਪਵਿੱਤਰ ਆਤਮਾ ਤੁਹਾਡੇ ਉੱਤੇ ਆਉਂਦਾ ਹੈ, ਤਾਂ ਇਹ ਕੁਝ ਨਹੀਂ ਕਰਦਾ ਹੈ.... ਇਹ ਤੁਹਾਡੇ ਆਤਮਾ ਨੂੰ ਅਲੱਗ ਪ੍ਰਾਣ ਵਿੱਚ ਤਬਦੀਲ ਜਾਂ ਬਦਲ ਦਿੰਦਾ ਹੈ। ਅਤੇ ਉਹ ਪ੍ਰਾਣ ਦਾ ਇੱਕ ਵੱਖਰਾ ਸੁਭਾਅ ਹੈ ਜੋ ਉਸ ਆਤਮਾ ਉੱਤੇ ਹੈ। ਇਸ ਲਈ ਪ੍ਰਾਣ ਤੁਹਾਡੀ ਆਤਮਾ ਦਾ ਸੁਭਾਅ ਹੈ।**

ਪਹਿਲਾ ਤੁਸੀਂ ਤੁੱਛ, ਅਤੇ ਦੁਸ਼ਟ, ਅਤੇ ਨਫ਼ਰਤ, ਅਤੇ ਦੋਸ਼, ਅਤੇ ਈਰਖਾ ਕਰਨ ਵਾਲੇ ਸੀ; ਪਰ ਹੁਣ ਤੁਸੀਂ ਪਿਆਰ ਕਰਨ ਵਾਲੇ, ਮਿੱਠੇ, ਦਿਆਲੂ ਹੋ, ਅਤੇ ... ਹੁਣ ਫ਼ਰਕ ਦੇਖੋ? **ਇਹ ਤੁਹਾਡਾ ਸੁਭਾਅ ਹੈ।** ਮੈਂ ਉਸਨੂੰ ਇਹ ਕਹਾਂਗਾ। **ਇਹ ਤੁਹਾਡਾ ਪ੍ਰਾਣ ਹੈ ਜਿਸਨੂੰ ਬਦਲ ਦਿੱਤਾ ਗਿਆ ਹੈ। ਪੁਰਾਣਾ ਪ੍ਰਾਣ ਮਰ ਗਿਆ ਹੈ** (ਹਿਜ਼ਕੀਏਲ **18:20) ਅਤੇ ਨਵਾਂ ਪ੍ਰਾਣ ਜੋ ਕਿ ਨਵਾਂ ਸੁਭਾਅ ਹੈ ਤੁਹਾਡੇ ਵਿੱਚ ਪੈਦਾ ਹੋ ਗਿਆ ਹੈ।**

ਤੁਹਾਡਾ ਦਿਮਾਗ ਤੁਹਾਡੀ ਸੂਝ/ਬੁੱਧ ਨਹੀਂ ਹੈ; **ਇਹ ਤੁਹਾਡੇ ਅੰਦਰ ਤੁਹਾਡਾ ਆਤਮਾ ਹੈ ਜੋ ਤੁਹਾਡੀ ਬੁੱਧੀਮਤਾ ਹੈ।** ਦੇਖੋ? ਤੁਹਾਡਾ ਦਿਮਾਗ ਪਰਤਾਂ ਤੇ ਕੋਸ਼ਿਕਾਵਾਂ ਆਦਿ ਦਾ ਸਮੂਹ ਹੈ; ਇਸ ਵਿੱਚ ਆਪਣੇ ਆਪ ਦੀ ਕੋਈ ਬੁੱਧੀ ਨਹੀਂ ਹੈ। ਜੇ ਅਜਿਹਾ ਹੋਵੇ, ਤਾਂ ਉਦੋਂ ਤੱਕ ਜਦੋਂ ਤੱਕ ਇਹ ਉੱਥੇ ਪਿਆ ਹੋਇਆ ਹੈ, ਚਾਹੇ ਤੁਸੀ ਮਰ ਗਏ ਜਾਂ ਜੀਵਤ ਹੋਵੋ, ਤਦ ਵੀ ਇਹ ਕੰਮ ਕਰੇਗਾ। ਸਮਝੇ? ਪਰ ਇਹ ਤੁਹਾਡਾ ਦਿਮਾਗ ਨਹੀਂ ਹੈ; ਇਹ ਤੁਹਾਡੇ ਅੰਦਰ ਤੁਹਾਡਾ ਆਤਮਾ ਹੈ। ਅਤੇ **ਤੁਹਾਡਾ ਪ੍ਰਾਣ ਉਸ ਆਤਮਾ ਦਾ ਸੁਭਾਅ ਹੈ।** ਉਹ ਪ੍ਰਾਣ ਦਾ ਆਤਮਾ ਹੈ **ਜੋ ਕਿ ਸਰੀਰ ਨੂੰ ਕਾਬੂ ਵਿੱਚ ਕਰਦਾ ਹੈ** (ਯਕੂਬ **3:1–8)**। ਸਮਝੇ? ਉੱਥੇ ਤੁਸੀਂ ਹੋ।[3]

ਹੁਣ, ਮਨੁੱਖ ਦਾ ਪ੍ਰਾਣ ਮਨੁੱਖ ਦਾ ਸਰੀਰ ਨਹੀਂ ਹੈ, **ਇਹ ਤਾਂ ਪ੍ਰਾਣ ਹੈ; ਅਤੇ ਪ੍ਰਾਣ ਉਹ ਚੀਜ਼ ਹੈ ਜੋ ਕਿ ਆਤਮਾ ਦਾ ਸੁਭਾਅ ਹੈ,** ਅਤੇ ਜਦ ਮਨੁੱਖ ਦਾ ਸੁਭਾਅ... ਜਦ ਉਸ ਨੇ ਆਖਿਆ," ਅਸੀਂ ਮਰੇ ਹੋਏ ਹਾਂ," ਲਿਖਤਾਂ ਸਾਫ ਦੱਸਦੀਆਂ ਹਨ ਕਿ ਅਸੀਂ ਮਰੇ ਹੋਏ ਹਾਂ, ਅਤੇ ਸਾਡੇ ਜੀਵਨ ਮਸੀਹ ਦੁਆਰਾ ਪਰਮੇਸ਼ੁਰ ਦੇ ਅੰਦਰ ਛੁਪੇ ਹੋਏ ਹਨ, ਅਤੇ ਪਵਿੱਤਰ ਆਤਮਾ ਦੇ ਦੁਆਰਾ ਉੱਥੇ ਮੋਹਰਬੰਦ ਹਨ (ਕੁਲੁੱਸੀਆਂ **3:1–4**)। **ਹੁਣ, ਇਹ ਤੁਹਾਡਾ ਸਰੀਰ ਨਹੀਂ ਸੀ ਜੋ ਮਰਿਆ ਹੈ। ਇਹ ਤੁਹਾਡਾ ਆਤਮਾ ਨਹੀਂ ਹੈ ਜੋ ਮਰਿਆ ਸੀ। ਇਹ ਤਾਂ ਤੁਹਾਡੀ ਆਤਮਾ ਦਾ ਸੁਭਾਅ ਸੀ ਜੋ ਮਰਿਆ ਸੀ। ਸਮਝੇ? ਸੁਭਾਅ, ਜੋ ਕਿ ਪ੍ਰਾਣ ਹੈ। ਤੁਹਾਡੇ ਪ੍ਰਾਣ ਦਾ ਸੁਭਾਅ ਪਰਮੇਸ਼ੁਰ ਹੈ, ਜੇ ਤੁਸੀ ਨਵਾਂ ਜਨਮ ਲਿਆ ਹੈ** (ਤੀਤੁਸ **3:4–7**)। ਜੇ ਨਹੀਂ ਲਿਆ ਹੈ, ਤਾਂ ਇਹ ਸੰਸਾਰ ਦਾ ਹੈ। ਹਰੇਕ ਜਿਹਦਾ ਸ਼ੁਰੂ ਹੈ ਅੰਤ ਵੀ ਹੋਵੇਗਾ। ਇਸ ਲਈ ਸਦੀਪਕ ਜੀਵਨ ਪਾਉਣ ਦਾ ਇੱਕੋ ਇੱਕ ਤਰੀਕਾ ਹੈ ਕਿ ਤੁਸੀਂ ਉਹ ਜੀਵਨ ਪਾਉ ਜੋ ਕਿ ਕਦੇ ਆਰੰਭ ਹੀ ਨਹੀਂ ਹੋਇਆ। ਫਿਰ ਤੁਹਾਡਾ ਜੀਵਨ ਸ਼ੁਰੂ ਹੋਇਆ ਜਦ ਤੁਸਾਂ ਜਨਮ ਲਿਆ। ਤੇ ਜਦ

ਪਰਮੇਸ਼ੁਰ ਨੇ ਤੁਹਾਡੇ ਨਥਨਿਆਂ ਵਿੱਚ ਜਿੰਦਗੀ ਦਾ ਸਾਹ ਪਾਇਆ ਤਦ ਤੁਸੀਂ ਜੀਉਂਦੀ ਜਾਨ ਹੋ ਗਏ, ਤਦ ਤੁਹਾਡੀ ਸ਼ੁਰੂਆਤ ਹੋਈ (ਉਤਪਤ 2:7)। **ਉਹ ਸੁਭਾਅ ਜੋ ਤੁਹਾਡੇ ਅੰਦਰ ਸੀ, ਉਸ ਸੁਭਾਅ ਦੇ ਦੁਆਰਾ ਤੁਸੀਂ ਸੰਸਾਰ ਦੇ ਸੀ, ਅਤੇ ਪਰਮੇਸ਼ੁਰ ਤੋਂ ਵੱਖ ਸੀ** (ਅਫ਼ਸੀਆਂ 2:1–3)।

ਪਰ ਉਹ ਪ੍ਰਾਣ ਜੋ ਤੁਹਾਡੇ ਅੰਦਰ ਹੈ, **ਇਹ ਉਹ ਪ੍ਰਾਣ ਹੈ ਜਿਹਦੇ ਉੱਤੇ ਪਰਮੇਸ਼ੁਰ ਕੰਮ ਕਰ ਰਿਹਾ ਹੈ।** ਦੇਖੋ, **ਜੇ ਕੇਵਲ ਉਹ ਉਸ ਆਤਮਾ ਦੇ ਸੁਭਾਅ ਨੂੰ ਲੈ ਸਕੇ ਤਾਂ ਕਿ ਉਹ ਪਰਮੇਸ਼ੁਰ ਨਾਲ ਸਹਿਮਤ ਹੋ ਸਕੇ, ਤਦ ਉਹ ਸੁਭਾਅ ਮਰ ਜਾਂਦਾ ਹੈ। ਸੁਭਾਅ ਅਤੇ ਸੰਸਾਰ ਦਾ ਪਿਆਰ ਮਰ ਜਾਂਦਾ ਹੈ ਅਤੇ ਸੰਸਾਰ ਦੀਆਂ ਚੀਜਾਂ ਵੀ ਮਰ ਜਾਂਦੀਆਂ ਹਨ;** ਕਿਉਂਕਿ ਜੇ ਤੁਸੀ ਸੰਸਾਰ ਨੂੰ ਜਾਂ ਸੰਸਾਰ ਦੀਆਂ ਚੀਜਾਂ ਨੂੰ ਪਿਆਰ ਕਰਦੇ ਹੋ, ਤਾਂ ਪਰਮੇਸ਼ੁਰ ਦਾ ਪਿਆਰ ਤੁਹਾਡੇ ਅੰਦਰ ਨਹੀਂ ਹੈ (1 ਯੂਹੰਨਾ 2:15–17)। ਦੇਖਿਆ? **ਅਤੇ ਮਨੁੱਖ ਨੂੰ ਨਵੇਂ ਸਿਰੇ ਤੋਂ ਜਨਮ ਲੈਣਾ ਹੀ ਪੈਣਾ ਹੈ, ਤਾਂ ਜੋ ਇਹ ਸੁਭਾਅ ਮਰ ਜਾਏ, ਅਤੇ ਪਰਮੇਸ਼ੁਰ ਦਾ ਸੁਭਾਅ ਤੁਹਾਡੇ ਅੰਦਰ ਆਏ ਤੇ ਤੁਹਾਡੇ ਵਿੱਚ ਰਹੇ** (1ਪਤਰਸ 1:22–23)। ਅਤੇ ਪਰਮੇਸ਼ੁਰ ਹੀ ਕੇਵਲ ਇੱਕ ਅਜਿਹੀ ਚੀਜ਼ ਹੈ ਜੋ ਨਾ ਤਾਂ ਕਦੇ ਸ਼ੁਰੂ ਹੋਇਆ ਤੇ ਨਾ ਹੀ ਅੰਤ ਹੋਵੇਗਾ।

ਇਸੇ ਲਈ ਹੀ ਅਸੀਂ ਉਸਦੇ ਨਾਮ ਵਿੱਚ ਬਪਤਿਸਮਾ ਲੈਂਦੇ ਹਾਂ ਤਾਂ ਕਿ ਅਸੀਂ ਉਸਦੇ ਨਾਮ ਵਿੱਚ, ਉਸਦੀ ਮੌਤ, ਅਤੇ ਉਸਦੇ ਜੀ ਉੱਠਣ ਵਿੱਚ ਬਾਹਰ ਆਈਏ, ਤੇ ਅਸੀਂ ਫੇਰ ਤੋਂ ਜੀ ਉੱਠ ਖੜੇ ਹੁੰਦੇ ਹਾਂ ਸੰਸਾਰ ਨੂੰ ਗਵਾਹੀ ਦੇਣ ਲਈ ਕਿ ਸਾਡੇ ਕੋਲ ਨਵਾਂ ਜੀਵਨ ਹੈ, ਉਹ ਪੁਰਾਣਾ ਮਨੁੱਖ ਮਰ ਗਿਆ ਹੈ। ਅਸੀਂ ਉਸ ਪੁਰਾਣੇ ਸੁਭਾਅ ਨੂੰ ਦਫਨਾ ਦਿੱਤਾ ਹੈ (ਰੋਮੀਆਂ 6:3–6)। ਦੇਖੋ, **ਉਹ ਪਹਿਲਾ ਸੁਭਾਅ ਜਾਂਦਾ ਰਿਹਾ ਹੈ, ਅਤੇ ਹੁਣ ਅਸੀਂ ਉਸਦਾ ਸੁਭਾਅ ਹਾਂ। ਉਹ ਸਾਡੇ ਅੰਦਰ ਰਹਿੰਦਾ ਹੈ, ਅਤੇ ਅਸੀਂ ਆਪਣੀ ਮਰਜੀ ਨਹੀਂ ਕਰਦੇ ਹਾਂ; ਅਸੀਂ ਉਸਦੀ ਮਰਜੀ ਨੂੰ ਪੂਰੀ ਕਰਦੇ ਹਾਂ** (ਲੂਕਾ 6:46–49)। ਅਸੀਂ ਆਪਣੀਆਂ ਸੋਚਾਂ ਨਹੀਂ ਸੋਚਦੇ ਹਾਂ। ਮਨ ਹੀ ਹੈ ਜੋ ਸੋਚਦਾ ਹੈ। **ਉਹ ਮਨ ਅਥਵਾ ਸੁਭਾਅ ਜੋ ਮਸੀਹ ਯਿਸੂ ਵਿੱਚ ਸੀ ਹੁਣ ਹਰੇਕ ਵਿਸ਼ਵਾਸ਼ੀ ਦੇ ਅੰਦਰ ਹੈ** (ਫਿਲਿੱਪੀਆਂ 2:5–11) ਸਮਝੇ?[4]

ਪੌਲੁਸ ਨੂੰ ਦੇਖੋ, ਜਦ ਪੌਲੁਸ ਧਰਮ ਸ਼ਾਸਤਰ ਦਾ ਇੱਕ ਬੁਹਤ ਵੱਡਾ ਵਿਦਵਾਨ ਸੀ। ਪਰ ਜਦ ਉਸਦਾ ਆਹਮੋ–ਸਾਹਮਣਾ ਵਚਨ, ਯਿਸੂ ਦੇ ਨਾਲ ਹੋਇਆ, ਤਾਂ ਇਹ ਜੀ ਉੱਠਿਆ (ਰਸੂਲਾਂ ਦੇ ਕਰਤੱਬ 22:1–16)। ਉਹ ਜੀਵਨ ਵਿੱਚ ਤੁੰਰਤ ਆਉਂਦਾ ਹੈ, ਕਿਉਂਕਿ ਉਹ ਇਸ ਲਈ ਠਹਿਰਾਇਆ ਗਿਆ ਸੀ। **ਉਹ ਵਚਨ ਦਾ ਹਿੱਸਾ ਸੀ ;ਅਤੇ ਜਦ ਵਚਨ ਨੇ ਵਚਨ ਨੂੰ ਦੇਖਿਆ, ਇਹੀ ਉਸਦਾ ਸੁਭਾਅ ਸੀ।** ਰੂੜੀਵਾਦੀ ਚਰਚਾਂ ਦੀਆਂ ਕੁਕੜੀਆਂ ਦੀ ਕੁੜ–ਕੁੜ ਦਾ ਉਸ ਤੇ ਕੋਈ ਅਸਰ ਨਹੀਂ ਪਿਆ ਸੀ, **ਉਸ ਨੇ ਵਚਨ ਦੇਖ ਲਿਆ ਸੀ। ਇਹ ਉਸਦਾ ਹਿੱਸਾ ਸੀ।** ਉਹ ਤਾਂ ਇੱਕ ਉਕਾਬ ਸੀ। ਉਹ ਇੱਕ ਚੂਚਾ ਨਹੀਂ ਸੀ; ਉਹ ਸਿਰਫ ਉਨ੍ਹਾਂ ਨਾਲ ਵਾੜੇ ਵਿੱਚ ਸੀ। ਪਰ ਉਹ ਤਾਂ ਮੁੱਢ ਤੋਂ ਹੀ ਉਕਾਬ ਸੀ।

ਇੱਕ ਵਾਰ ਮੈਂ ਇਸ ਦੇ ਨਾਲ ਮਿਲਦੀ ਜੁਲਦੀ ਇੱਕ ਕਹਾਣੀ ਸੁਣੀ ਸੀ ਜੋ ਉਸ ਛੋਟੇ ਬੱਤਖ ਦਾ ਬੱਚੇ ਦੇ ਬਾਰੇ ਵਿੱਚ ਸੀ ਜੋ ਕਿ ਇਕ ਇੱਕ ਮੁਰਗੀ ਦੇ ਹੇਠ ਪੈਦਾ ਹੋਇਆ ਸੀ। ਉਹ ਸਮਝ ਨਹੀਂ ਸਕਿਆ ਸੀ। ਉਹ ਅਜੀਬ ਵਿਖਾਈ ਦੇਣ ਵਾਲਾ, ਵਚਿੱਤਰ ਜਿਹਾ ਇੱਕ ਛੋਟਾ ਜੀਵ ਸੀ, ਉਹ ਧੂੜ ਅਤੇ ਹਰ ਚੀਜ਼ ਨੂੰ ਸਮਝ ਨਹੀਂ ਸਕਿਆ। ਉਹ ਵਾੜੇ ਵਿੱਚ ਖੇਡ ਰਹੇ ਸਨ। ਪਰ ਇੱਕ ਦਿਨ ਉਹ ਬੁੱਢੀ ਮੁਰਗੀ ਉਸ ਛੋਟੇ ਬੱਤਖ ਦੇ ਬੱਚੇ ਨੂੰ ਬਾਹਰ ਵਾੜੇ ਦੇ ਪਿੱਛੇ ਲੈ ਗਈ, ਅਤੇ ਉਸ ਨੂੰ ਪਾਣੀ ਦੀ ਗੰਧ ਆ ਗਈ। ਕਿਉਂ, ਉਹ ਉਸ ਪਾਣੀ ਦੇ ਵੱਲ ਜਿੰਨੀ ਤੇਜ਼ੀ ਨਾਲ ਭੱਜ ਸਕਦਾ ਸੀ ਭੱਜਿਆ। ਕਿਉਂ? ਉਹ ਪਹਿਲਾਂ ਕਦੇ ਵੀ ਤਲਾਬ ਵਿੱਚ ਨਹੀਂ ਗਿਆ ਸੀ। ਪਰ ਉਹ ਤਾਂ ਮੁੱਢ ਤੋਂ ਹੀ ਇੱਕ ਬੱਤਖ ਸੀ। **ਉਸਨੇ ਕੇਵਲ ਇੱਕ ਹੀ ਕੰਮ ਕਰਨਾ ਸੀ ਕਿ ਉਹ ਆਪਣੇ ਆਪ ਵਿੱਚ ਆ ਜਾਏ।**

ਬਿਲਕੁਲ ਇਹੀ ਗੱਲ ਇਕ ਵਿਸ਼ਵਾਸੀ ਨਾਲ ਹੁੰਦੀ ਹੈ। **ਉਸਦੇ ਅੰਦਰ ਕੋਈ ਚੀਜ਼ ਹੁੰਦੀ ਹੈ, ਉਹ, ਜਦ ਪਰਮੇਸ਼ੁਰ ਨੂੰ ਆਹਮੋ-ਸਾਹਮਣੇ ਮਿਲਦਾ ਹੈ, ਉਹ ਆਪਣੇ ਆਪ ਵਿੱਚ ਆ ਜਾਂਦਾ ਹੈ। ਉਸਦੇ ਅੰਦਰ ਬੀਜ ਹੁੰਦਾ ਹੈ, ਅਤੇ ਉਹ ਜੀਅ ਉੱਠਦਾ ਹੈ।** ਹੇ ਮੇਰੇ, ਇਹ ਸੱਚ ਹੈ, ਅਤੇ ਉਹ ਸੰਸਾਰ ਦੀਆਂ ਗੱਲਾਂ ਤੋਂ ਦੂਰ ਹੋ ਜਾਂਦਾ ਹੈ। ਉਹ ਚੀਜ਼ਾਂ ਉ ਲਈ ਮਰ ਜਾਂਦੀਆਂ ਹਨ। ਮੈਨੂੰ ਯਾਦ ਹੈ, ਪਿਛਲੇ ਸਮੇਂ ਵਿੱਚ ਅਸੀਂ ਸਾਰੇ ਸੰਸਾਰ ਦੀਆਂ ਉਹਨਾਂ ਸੱਭ ਚੀਜ਼ਾਂ ਵਿੱਚ ਸੀ। **ਪਰ ਜਦ ਅਸੀਂ ਇੱਕ ਵਾਰ ਉਸ ਅਸਲੀ ਚੀਜ਼ ਨੂੰ ਪਕੜ ਲੈਂਦੇ ਹਾਂ, ਜਿਸ ਨੇ ਸਾਨੂੰ ਜੀਵਿਤ ਕੀਤਾ ਹੈ, ਜੋ ਇੱਕ ਛੋਟਾ ਬੀਜ ਹੁੰਦਾ ਹੈ ਉਹ ਜੀਵਿਤ ਹੋ ਉੱਠਦਾ ਹੈ, (ਮੱਤੀ 13:37-38); ਲੂਕਾ 8:11), ਫਿਰ ਸੰਸਾਰ ਦੀਆਂ ਸਾਰੀਆਂ ਚੀਜ਼ਾਂ ਠੀਕ ਉੱਥੇ ਹੀ ਸੜ-ਗਲ ਜਾਂਦੀਆਂ ਹਨ। ਸਾਨੂੰ ਫਿਰ ਇਸਦੀ ਕੋਈ ਹੋਰ ਇੱਛਾ ਨਹੀਂ ਰਹਿੰਦੀ ਹੈ।**[5]

ਅਤੇ ਉਨ੍ਹਾਂ ਨੇ ਮੈਨੂੰ ਇਹ ਕਹਿੰਦੇ ਸੁਣਿਆ ਕਿ ਪਵਿੱਤਰ ਆਤਮਾ ਦਾ ਸਬੂਤ ਪਰਾਈਆਂ ਭਾਸ਼ਾਵਾਂ ਵਿੱਚ ਬੋਲਣਾ ਨਹੀਂ ਹੈ-ਅਤੇ ਇਹ ਨਹੀਂ ਹੈ-ਪਰ ਮੈਂ ਉਸ ਵਿਅਕਤੀ ਨੂੰ ਸਲਾਹ ਦਿੱਤੀ ਹੈ ਕਿ ਪਰਮੇਸ਼ੁਰ ਨੂੰ ਇਹ ਬੇਨਤੀ ਕਰੇ ਕਿ ਉਹ ਉਹਨਾਂ ਨੂੰ ਪਰਾਈਆਂ ਭਾਖਿਆਂ ਜਾਂ ਅੰਗਮ ਵਾਕ ਬੋਲਣ ਦੇਵੇ, ਕਿਉਂਕਿ ਇਹ ਸੁਭਾਅ ਹੈ।

ਪਹਿਲੀ ਗੱਲ, ਮੈਂ ਉਸ ਵਿਅਕਤੀ ਕੋਲ ਗਿਆ ਅਤੇ ਉਹਨਾਂ ਦਾ ਜਨਮ ਸਥਾਨ ਲੱਭਿਆ, ਅਤੇ ਉਹ ਕਿਸ ਚਿੰਨ੍ਹ ਹੇਠ ਪੈਦਾ ਹੋਏ ਸਨ, ਅਤੇ ਇਹ ਦੱਸ ਸੱਕਦਾ ਹਾਂ ਕਿ ਉਹਨਾਂ ਦਾ ਜਨਮ ਕੀ ਸੀ। ਜਿਸ ਤਰ੍ਹਾਂ ਇਹ ਉਹਨਾਂ ਦੇ ਕੁਦਰਤੀ ਸੁਭਾਅ ਵਿੱਚ ਨਿਰਧਾਰਤ ਹੁੰਦਾ ਹੈ ਇਹ ਉਹਨਾਂ ਨੂੰ ਇੱਕ ਖਾਸ ਲਾਈਨ ਵਿੱਚ ਸੈੱਟ ਕਰਦਾ ਹੈ। ਫਿਰ, ਜਦ ਉਹ ਨਵੇਂ ਸਿਰੇ ਤੋਂ ਜਨਮ ਲੈ ਲੈਂਦੇ ਹਨ, ਤਾਂ ਉਹ ਇੱਥੇ ਇੱਕ ਹੋਰ ਸੁਭਾਅ ਵਿੱਚ ਹੁੰਦੇ ਹਨ। ਅਤੇ ਫਿਰ, ਜਦੋਂ ਤੁਸੀ ਇਸ ਸੁਭਾਅ ਵਿੱਚ ਲੱਭਦੇ ਹੋ, ਇਹ ਅੰਦਰ, ਅੰਤਹਕਰਨ, ਜ਼ਮੀਰ ਵਿੱਚ ਹੁੰਦਾ ਹੈ। **ਬਾਹਰਲਾ ਜ਼ਮੀਰ ਤੁਹਾਨੂੰ ਇੱਕ ਪਾਸੇ ਲੈ ਜਾਂਦਾ ਹੈ, ਇਹ ਤੁਹਾਡਾ ਸੁਭਾਵਿਕ ਜਨਮ ਹੈ।** ਤਦ ਉਹ ਕੁਝ ਬਣਾ ਲੈਣਗੇ ਅਤੇ ਇਹ ਉਹਨਾਂ ਨੂੰ ਕਿੱਥੇ ਰੱਖਦਾ ਹੈ? ਇੱਕ ਟੁੱਟੀ ਹੋਈ ਸਥਿਤੀ ਵਿੱਚ। ਉਹ ਨਹੀਂ ਜਾਣਦੇ ਕਿ ਕੀ ਕਰਨਾ ਹੈ। ਉਹ ਕਹਿਣਗੇ,"ਪਰਮੇਸ਼ੁਰ ਚਾਹੁੰਦਾ ਹੈ ਕਿ ਮੈਂ ਇਸ ਤਰ੍ਹਾਂ ਕਰਾਂ।"

ਅੰਦਰਲਾ ਹਿੱਸਾ,"ਔਹ, ਮੈਂ ਸਿਰਫ਼ ਇਹ ਜਾਣਦਾ ਹਾਂ ਕਿ ਇਹ ਲਿਖਤਾਂ ਦੇ ਅਨੁਸਾਰ ਲਾਈਨ ਵਿੱਚ ਹੈ।" ਅਤੇ ਉਹ ਇਸਨੂੰ ਕਰਨਾ ਸ਼ੁਰੂ ਕਰ ਦੇਣਗੇ, ਅਤੇ ਪਹਿਲੀ ਗੱਲ ਜੋ ਤੁਸੀਂ ਜਾਣਦੇ ਹੋ, ਸ਼ੈਤਾਨ ਇਸ ਬਾਹਰਲੇ ਪਾਸੇ ਉਨ੍ਹਾਂ ਨੂੰ ਇਸ ਵਿੱਚ ਹਰ ਕਿਸਮ ਦੇ ਨੁਕਸ ਵਿਖਾਏਗਾ। ਅਤੇ ਫਿਰ ਉਹ ਕਹਿੰਦੇ ਹਨ,"ਠੀਕ ਹੈ, ਮੈਨੂੰ ਲੱਗਦਾ ਹੈ ਕਿ ਮੈਂ...." ਉਹ ਸ਼ੈਤਾਨ ਦੀ ਗੱਲ ਸੁਣਦੇ ਹਨ। ਵੇਖਿਆ? **ਤੁਹਾਨੂੰ ਇਸਨੂੰ ਅੰਦਰ ਲੈਣਾ ਪਵੇਗਾ, ਜੋ ਤੁਹਾਡੇ ਅੰਦਰ ਹੈ ਉਹੀ ਲਿਖਤ ਮੁਤਾਬਕ ਹੈ।** ਅਤੇ ਕਿਤੇ ਵੀ ਸ਼ੈਤਾਨ ਨੂੰ ਖੜ੍ਹਾ ਨਾ ਹੋਣ ਦਿਉ। ਇਹ ਉਹਦਾ ਕੰਮ ਹੈ ਕਿ ਉਹ ਉੱਥੇ ਖੜ੍ਹਾ ਹੋਕੇ ਤੇ ਤੁਹਾਡੇ ਨਾਲ ਇਸ ਤਰ੍ਹਾਂ ਕਰੇ। ਪਰ ਤੁਸੀਂ ਉਸਦੀ ਗੱਲ ਨੂੰ ਨਹੀਂ ਸੁਣਨਾਂ ਹੈ।[6]

**ਅਤੇ ਇੱਕ ਵਿਅਕਤੀ ਜੋ ਪਰਮੇਸ਼ੁਰ ਦੇ ਆਤਮਾ ਤੋਂ ਪੈਦਾ ਹੁੰਦਾ ਹੈ ਉਹ ਆਪਣੇ ਸੁਭਾਅ ਵਿੱਚ, ਆਪਣੇ ਪਰੀਵਰਤਨ ਵਿੱਚ, ਆਪਣੀ ਬਣਤਰ ਵਿੱਚ ਪ੍ਰਮੇਸ਼ੁਰ ਦਾ ਕਬੂਤਰ ਬਣ ਜਾਂਦਾ ਹੈ।** ਜੀ ਹਾਂ, ਸ਼੍ਰੀਮਾਨ। ਤੁਸੀਂ ਕਬੂਤਰ ਦੇ ਆਤਮਾ ਨੂੰ ਕਾਂ ਵਿੱਚ ਪਾ ਦਿਓ, ਉਹ ਕਦੇ ਵੀ ਮ੍ਰਿਤਕ ਸਰੀਰ ਤੇ ਨਹੀਂ ਬੈਠੇਗਾ। ਜੇਕਰ ਉਹ ਗਲਤੀ ਨਾਲ ਚਲਾ ਵੀ ਗਿਆ, ਤਾਂ ਉਹ ਨਿਸ਼ਚਿਤ ਤੌਰ ਤੇ ਜਲਦੀ ਨਾਲ ਉਸ ਤੋਂ ਪਰੇ ਹੋ ਜਾਂਦਾ ਹੈ; ਉਹ ਇਸਨੂੰ ਬਰਦਾਸ਼ਤ ਨਹੀਂ ਕਰ ਸਕੇਗਾ।

ਅਤੇ ਇੱਕ ਵਿਅਕਤੀ ਜੋ ਪਰਮੇਸ਼ੁਰ ਦੇ ਆਤਮਾ ਤੋਂ ਪੈਦਾ ਹੋਇਆ ਹੈ, ਬਰਦਾਸ਼ਤ ਨਹੀਂ ਕਰਦਾ ਹੈ। ਉਹ ਕਿਸੇ ਸਮੇਂ ਇੱਕ ਸ਼ਰਾਬਖ਼ਾਨੇ ਵਿੱਚ ਜਾ ਸੱਕਦਾ ਹੈ, ਪਰ ਉਹ ਉੱਥੋਂ ਜਲਦੀ ਦੇ ਨਾਲ ਬਾਹਰ ਆ ਜਾਵੇਗਾ। ਇੱਕ ਔਰਤ ਉਸ ਨੂੰ ਲੁਭਾ ਸਕਦੀ ਹੈ, ਉਸਨੂੰ ਪਿੱਛੇ ਮੁੜਨ ਲਈ ਲੈ ਜਾ ਸਕਦੀ ਹੈ, ਪਰ ਉਹ ਫਿਰ ਆਪਣਾ ਮੂੰਹ ਮੋੜ ਲਵੇਗਾ। ਉਹ ਉੱਥੋਂ ਜਲਦੀ ਤੋਂ ਜਲਦੀ ਦੂਰ ਹੋ ਜਾਵੇਗਾ। ਕਿਉਂ? ਉਹ ਇੱਕ ਕਬੂਤਰ ਹੈ। ਇਹ ਠੀਕ ਹੈ। ਤੁਸੀਂ ਉਸਨੂੰ ਮੂਰਖ ਨਹੀਂ ਬਣਾ ਸਕਦੇ, ਕਿਉਂਕਿ ਉਹ ਜਾਣਦਾ ਹੈ।"ਮੇਰੀਆਂ ਭੇਡਾਂ ਮੇਰੀ ਆਵਾਜ਼ ਪਛਾਣਦੀਆਂ ਹਨ, ਅਤੇ ਅਜਨਬੀ ਦੇ ਪਿੱਛੇ ਉਹ ਨਹੀਂ ਜਾਣਗੀਆਂ।"( ਯੂਹੰਨਾ 1:27–30)। ਉਹ ਤਾਂ ਮੁੱਢ ਤੋਂ ਹੀ ਇਕ ਕਬੂਤਰ ਹੈ। ਇਹ ਹੀ ਤਾਂ ਮੈਂ ਕਹਿ ਰਿਹਾ ਹਾਂ, **ਕੁਝ ਅਸਲ ਚੀਜ਼ ਜਿਸਨੇ ਉੱਥੇ ਲੰਗਰ ਪਾਇਆ ਹੋਇਆ ਹੈ**।[7]

ਇੱਕ ਦਿਨ ਯਿਸੂ ਤੁਰਦਾ ਹੋਇਆ ਬਾਹਰ ਆਇਆ; ਉਸ ਨੇ ਕਿਹਾ, " ਦੇਖੋ, ਉਹ ਪਰਮੇਸ਼ੁਰ ਦਾ ਲੇਲਾ ਆਉਂਦਾ ਹੈ ਜੋ ਜਗਤ ਦੇ ਪਾਪ ਚੁੱਕ ਕੇ ਲੈ ਜਾਂਦਾ ਹੈ," ਲੇਲਾ, **ਅਸਲੀ ਪ੍ਰਾਸਚਿਤ** (ਯੂਹੰਨਾ 1:29–34; ਮੱਤੀ 3:13–17)। ਉਹ ਆਉਂਦਾ ਹੈ ਜਿਹਦੇ ਬਾਰੇ ਅਦਨ ਦੇ ਬਾਗ ਤੋਂ ਲੈ ਕੇ ਅੱਗੇ ਤੱਕ ਹਰੇਕ ਭੇਡ ਵਿੱਚ ਪ੍ਰਛਾਵਾਂ ਵਿਖਾਇਆ ਗਿਆ, ਇੱਕ ਆਮ ਵਿਅਕਤੀ ਨਦੀ ਦੇ ਵੱਲ ਚੱਲ ਕੇ ਆ ਰਿਹਾ ਹੈ।

ਉਹਨਾਂ ਨੇ ਕਿਹਾ,"ਯੂਹੰਨਾ, ਤੂੰ ਇਹ ਕਿਵੇਂ ਜਾਣਦਾ ਹੈਂ? ਮੈਨੂੰ ਤਾਂ ਇੱਕ ਚੀਜ਼ ਵੀ ਫਰਕ ਵਿਖਾਈ ਨਹੀਂ ਦਿੰਦੀ।"
"ਪਰ ਮੈਂ ਗਵਾਹੀ ਦਿੰਦਾ ਹਾਂ; ਮੈਂ ਪਰਮੇਸ਼ੁਰ ਦੇ ਆਤਮਾ ਨੂੰ ਇੱਕ ਕਬੂਤਰ ਦੀ ਨਿਆਂਈ ਉਸ ਉੱਤੇ ਉੱਤਰਦੇ ਵੇਖਿਆ, ਅਤੇ ਇੱਕ ਆਵਾਜ਼ ਨੇ ਕਿਹਾ,"ਇਹ ਮੇਰਾ ਪਿਆਰਾ ਪੁੱਤਰ ਹੈ ਜਿਸ ਤੋਂ ਮੈਂ ਪ੍ਰਸੰਨ ਹਾਂ।"

ਕਬੂਤਰ ਅਤੇ ਲੇਲੇ ਨੂੰ ਵੇਖੋ। ਵੇਖੋ? ਜੀ ਹਾਂ। ਕੀ ਹੁੰਦਾ ਜੇ ਉੱਥੇ ਇੱਕ ਬਘਿਆੜ ਖੜ੍ਹਾ ਹੁੰਦਾ? ਚੰਗਾ, ਫਿਰ ਕਬੂਤਰ ਉਸ ਉੱਤੇ ਨਹੀਂ ਜਾ ਸੱਕਦਾ ਸੀ। **ਪਰਮੇਸ਼ੁਰ ਨੇ ਆਪਣੇ ਆਪ ਨੂੰ ਕਬੂਤਰ ਦੇ ਰੂਪ ਵਿੱਚ ਦਰਸਾਇਆ, ਸਵਰਗ ਦੇ ਸਾਰੇ ਪੰਛੀਆਂ ਵਿੱਚੋਂ ਸਭ ਤੋਂ ਨੀਵਾਂ, ਇਕ ਭੇਡ ਦੁਆਰਾ ਉਸ ਦਾ ਪੁੱਤਰ ਦਰਸਾਇਆ ਗਿਆ, ਧਰਤੀ ਦੇ ਸਾਰੇ ਜਾਨਵਰਾਂ ਵਿੱਚੋਂ ਸੱਭ ਤੋਂ ਨੀਵਾਂ।** ਵੇਖੋ, ਸਵਰਗ ਦਾ ਸਾਫ਼ ਪੰਛੀ, ਨਾ ਕਿ ਕਾਂ, ਨਾ ਇੱਲ੍ਹ, ਪ੍ਰੰਤੂ ਇੱਕ ਕਬੂਤਰ; ਸੂਰ ਨਹੀਂ ,ਪਰ ਇਕ ਲੇਲਾ। **ਕੋਈ ਵੀ ਹੋਰ ਸੁਭਾਅ ਆਪਸ ਵਿੱਚ ਇੱਕਠਾ ਨਹੀਂ ਹੁੰਦਾ।**

ਅਤੇ ਧਿਆਨ ਦਿਓ ਜਦੋਂ **ਕਬੂਤਰ ਲੇਲੇ ਦੇ ਉੱਪਰ ਆਉਂਦਾ ਹੈ, ਤਾਂ ਇਹ ਉਸਦੀ ਅਗੁਵਾਈ ਕਰਦਾ ਹੈ।** ਉਸ ਤਰੀਕੇ ਨਾਲ ਨਹੀਂ ਜਿਵੇਂ ਉਹ ਚਾਹੁੰਦਾ ਹੈ, ਪਰ ਉਹ ਉਸੇ ਤਰ੍ਹਾਂ ਕਰੇਗਾ ਜਿਸ ਤਰ੍ਹਾਂ ਪਿਤਾ ਉਸਦੀ ਅਗੁਵਾਈ ਕਰੇਗਾ (ਯੂਹੰਨਾ 5:19–30)। ਅੱਜ ਵੀ ਅਸਲ ਲੇਲੇ ਦਾ ਇਹੀ ਤਰੀਕਾ ਹੈ। **ਓਹ, ਕੀ ਤੁਸੀਂ ਨਹੀਂ ਜਾਣਦੇ ਹੋ ਕਿ ਪਰੇਮਸ਼ੁਰ ਸਿਰਫ ਆਪਣੇ ਬਚਨ ਦੁਆਰਾ ਅਗੁਵਾਈ ਕਰਦਾ ਹੈ**? ਇਹ ਉਸਦਾ ਢਾਂਗਾ ਹੈ।

ਧਿਆਨ ਦਿਓ ਕੁਝ ਨਹੀਂ ਹੋਇਆ ਲੱਗਦਾ ਹੋਵੇਗਾ, ਪਰ ਯੂਹੰਨਾ ਨੇ ਕਿਹਾ,"ਬਾਕੀ ਸਾਰਿਆਂ ਨੇ ਇਸਨੂੰ ਨਹੀਂ ਵੇਖਿਆ, ਪਰ ਮੈਂ ਗਵਾਹੀ ਦਿੰਦਾ ਹਾਂ ਮੈਂ ਇਸਨੂੰ ਵੇਖਿਆ।" ਪਛਾਣ ਕਰਵਾਉਂਦਾ ਹੈ: **"ਦੇਖੋ, ਪਰਮੇਸ਼ੁਰ ਦਾ ਲੇਲਾ ਜੋ ਜਗਤ ਦੇ ਪਾਪਾਂ ਨੂੰ ਚੁੱਕ ਲੈ ਜਾਂਦਾ ਹੈ।"** [8]

ਛੋਟੇ ਕਬੂਤਰ ਨੂੰ ਵੇਖੋ ਕਿ ਉਹ ਕਿਵੇਂ ਉੱਡਦਾ ਹੈ। ਵੇਖੋ, ਇਹ ਕਿੰਨੀ ਹੀ ਅਲੱਗ ਕਿਸਮ ਦਾ ਪੰਛੀ ਹੈ। ਇਸ ਦੇ ਅੰਦਰ ਕੋਈ ਪਿੱਤਾ ਨਹੀਂ ਹੁੰਦਾ, ਉਹ ਉਸ ਤਰ੍ਹਾਂ ਦੀਆਂ ਚੀਜਾਂ ਨਹੀਂ ਖਾ ਸਕਦਾ ਹੈ ਜਿਸ ਤ੍ਰਰਾਂ ਦੀਆਂ ਕਾਂ ਖਾਂਦਾ ਹੈ। ਲੱਗੀ ਸਮਝ? ਉਸ ਦੇ ਅੰਦਰ ਪਿੱਤਾ ਨਹੀਂ ਹੁੰਦਾ। ਉਸ ਨੂੰ ਪਾਣੀ ਵਿੱਚ ਨਹਾਉਣ ਦੀ ਲੋੜ ਨਹੀਂ ਹੁੰਦੀ, ਕਿਉਂਕਿ ਉਸਦੇ ਅੰਦਰ ਹੀ ਕੋਈ ਅਜਿਹਾ ਦ੍ਰਵ ਪਾਇਆ ਜਾਂਦਾ ਹੈ, **ਜੋ ਉਸ ਨੂੰ ਅੰਦਰ ਤੋਂ ਹੀ ਬਾਹਰ ਵੱਲ ਨੂੰ ਸਾਫ ਕਰਦਾ ਹੈ।**

**ਇਸੇ ਹੀ ਤਰ੍ਹਾਂ ਇੱਕ ਮਸੀਹੀ ਹੁੰਦਾ ਹੈ।** ਠੀਕ ਇਸੇ ਹੀ ਤਰ੍ਹਾਂ ਪਰਮੇਸ਼ੁਰ ਆਪਣੇ ਆਪ ਨੂੰ ਕਬੂਤਰ ਵਿੱਚੋਂ ਪ੍ਰਤੀਬਿੰਬ ਕਰਦਾ ਹੈ। ਸਮਝੇ? ਯਿਸੂ ਲੇਲੇ ਦੇ ਰੂਪ ਵਿੱਚ ਦਰਸਾਇਆ ਗਿਆ ਹੈ। **ਕੁਦਰਤ ਵਿੱਚ ਤੁਸੀਂ ਸਦਾ ਹੀ ਪਰਮੇਸ਼ੁਰ ਨੂੰ ਵੇਖੋਗੇ।** ਅਤੇ ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਭੇਡ ਦੀ ਤਰ੍ਹਾਂ ਹੋਈਏ ਜਿਸ ਦੀ ਅਗੁਵਾਈ ਕੀਤੀ ਜਾਂਦੀ ਹੈ (ਯੂਹੰਨਾ 10:1–30)। ਕੀ ਤੁਸੀਂ ਇਹਦੇ ਉੱਤੇ ਕਦੇ ਧਿਆਨ ਦਿੱਤਾ ਹੈ, ਕਿ ਕਬੂਤਰ ਲੇਲੇ ਉੱਤੇ ਹੀ ਉੱਤਰਦਾ ਹੈ, ਤਾਂ ਕਿ ਲੇਲੇ ਦੀ ਅਗੁਵਾਈ ਕਰੇ ਅਤੇ ਇਹ ਉਸ ਨੂੰ ਕੁਰਬਾਨ ਹੋਣ ਵਾਲੇ ਸਥਾਨ ਤੱਕ ਲੈ ਜਾਂਦਾ ਹੈ? ਹੁਣ, **ਉਹ ਕਬੂਤਰ ਕਿਸੇ ਹੋਰ ਤਰ੍ਹਾਂ ਦੇ ਜਾਨਵਰ ਉੱਤੇ ਨਹੀਂ ਉੱਤਰ ਸੱਕਦਾ, ਕਿਉਂਕਿ ਉਹਨਾਂ ਦੋਹਾਂ ਦਾ ਸੁਭਾਅ ਇੱਕੋ ਜਿਹਾ ਹੋਣਾ ਚਾਹੀਦਾ ਹੈ।** ਸਮਝ ਗਏ? ਜੇਕਰ ਕਬੂਤਰ ਕਿਸੇ ਬਘਿਆੜ ਉੱਤੇ ਉੱਤਰੇ ਤਾਂ ਬਘਿਆੜ ਗਰਜੇਗਾ ਅਤੇ ਕਬੂਤਰ ਉੱਡ ਜਾਵੇਗਾ।

ਅੱਛਾ, ਬਿਲਕੁਲ ਇਸੇ ਤਰ੍ਹਾਂ ਹੁਣ ਵੀ ਹੈ। ਅਤੇ ਸਾਡੀਆਂ ਬੁਰਿਆਈਆਂ ਦੇ ਕਾਰਨ ਹੀ ਪਵਿੱਤਰ ਆਤਮਾ ਉੱਡ ਜਾਂਦਾ ਹੈ ਅਤੇ ਸਾਡੇ ਤੋਂ ਦੂਰ ਚਲਾ ਜਾਂਦਾ ਹੈ। ਇਹ ਜ਼ਰੂਰੀ ਹੈ ਕਿ ਉਹਨਾਂ ਦੋਹਾਂ ਦਾ ਸੁਭਾਅ ਇੱਕੋ ਜਿਹਾ ਹੀ ਹੋਵੇ। **ਅਕਾਸ਼ ਦਾ ਪੰਛੀ ਕਬੂਤਰ ਅਤੇ ਧਰਤੀ ਦਾ ਪਸ਼ੂ, ਲੇਲਾ, ਸੱਭ ਤੋਂ ਹਲੀਮ ਜੀਵ ਹਨ ਅਤੇ ਉਹ ਇੱਕ ਦੂਸਰੇ ਨਾਲ ਸਹਿਮਤ ਹੋ ਸੱਕਦੇ ਹਨ।** ਅਤੇ ਜਦੋਂ ਪਵਿੱਤਰ ਆਤਮਾ ਸਾਡੇ ਉੱਪਰ ਆਉਂਦਾ ਹੈ ਤਾਂ ਸਾਨੂੰ ਇੱਕ ਨਵੀਂ ਸ੍ਰਿਸ਼ਟ ਬਣਾਉਂਦਾ ਹੈ (2 ਕੁਰਿੰਥੀਆਂ ਨੂੰ 5:17), **ਫਿਰ ਉਹ ਸਾਡੀ ਅਗੁਵਾਈ ਕਰ ਸਕਦਾ ਹੈ।** ਪਰ ਜੇਕਰ ਅਸੀਂ ਆਪਣਾ ਉਹੋ ਹੀ ਪੁਰਾਣਾ ਜੀਵਨ ਜੀਉਣ ਦੀ ਕੋਸ਼ਿਸ ਕਰਦੇ ਤਾਂ ਉਹ ਕੰਮ ਨਹੀਂ ਕਰੇਗਾ। ਇਹ ਬਸ ਕੰਮ ਨਹੀਂ ਕਰੇਗਾ।[9]

ਇੱਕ ਨੌਜਵਾਨ ਨੇ ਇੱਕ ਦਿਨ ਮੈਨੂੰ ਪੁੱਛਿਆ, ਤੇ ਕਿਹਾ," ਕੀ ਤੁਸੀਂ ਸੋਚਦੇ ਹੋ ਕਿ ਮੈਨੂੰ ਵਿਆਹ ਕਰਾਉਣਾ ਚਾਹੀਦਾ ਹੈ, ਭਾਈ ਬ੍ਰਾਨਹਾਮ, ਫਲਾਂ, ਫਲਾਂ ਲੜਕੀ ਨਾਲ?"
ਮੈਂ ਕਿਹਾ ," ਤੁਸੀਂ ਉਸ ਲੜਕੀ ਦੇ ਬਾਰੇ ਕਿੰਨਾ ਕੁ ਸੋਚਦੇ ਹੋ?"
ਉਸ ਨੇ ਕਿਹਾ," ਔਹ ਮੇਰੇ, ਮੈਂ ਬਸ ਉਸ ਨੂੰ ਪਿਆਰ ਕਰਦਾ ਹਾਂ।"
ਮੈਂ ਕਿਹਾ," ਠੀਕ ਹੈ, ਜੇਕਰ ਤੁਸੀਂ ਉਸ ਤੋਂ ਬਿਨ੍ਹਾਂ ਨਹੀਂ ਰਹਿ ਸੱਕਦੇ ਹੋ, ਤੁਹਾਨੂੰ ਉਸ ਨਾਲ ਵਿਆਹ ਕਰ ਲੈਣਾ ਚਾਹੀਦਾ ਹੈ। ਪਰ ਜੇ ਤੁਸੀਂ ਉਸ ਤੋਂ ਬਿਨ੍ਹਾਂ ਰਹਿ ਸਕਦੇ ਹੋ, ਤਾਂ ਚੰਗਾ ਹੈ... ਪਰ ਜੇ ਤੁਸੀਂ ਉਸ ਤੋਂ ਬਗੈਰ ਮਰ ਜਾਓਗੇ, ਤਾਂ ਤੁਸੀਂ ਅੱਗੇ ਵਧੋ ਅਤੇ ਵਿਆਹ ਕਰਵਾ ਲਓ।" ਮੈਂ ਕਿਹਾ। ਅਤੇ ਇਸ ਲਈ ਜੋ ਮੈਂ ਉਸ ਨੂੰ ਦੱਸਣ ਦੀ ਕੋਸ਼ਿਸ਼ ਕਰ ਰਿਹਾ ਸੀ, ਇਹ ਕਿ: ਜੇਕਰ ਤੁਸੀ ਉਸਨੂੰ ਇੰਨਾ ਜ਼ਿਆਦਾ ਪਿਆਰ ਕਰਦੇ ਹੋ.... ਹੁਣ, ਠੀਕ ਤੁਹਾਡੇ ਵਿਆਹ ਤੋਂ ਪਹਿਲਾ, ਸਾਰਾ ਕੁਝ ਠੀਕ ਅਤੇ ਵਧੀਆ ਹੈ। ਪਰ ਜਦੋਂ ਤੁਸੀਂ ਵਿਆਹ ਕਰ ਲੈਂਦੇ ਹੋ, ਫਿਰ ਜੀਵਨ ਵਿੱਚ ਮੁਸ਼ਕਿਲਾਂ ਅਤੇ ਅਜ਼ਮਾਇਸ਼ਾਂ ਆਉਂਦੀਆਂ ਹਨ। ਉਦੋਂ ਤੁਹਾਨੂੰ ਪਿਆਰ ਵਿੱਚ ਇਸ ਤਰ੍ਹਾਂ ਹੋਣਾ ਚਾਹੀਦਾ ਹੈ ਕਿ ਤੁਸੀਂ ਇੱਕ ਦੂਸਰੇ ਨੂੰ ਸਮਝਦੇ ਹੋ। **ਜਦੋਂ ਤੁਸੀਂ ਉਸ ਵਿੱਚ ਨਿਰਾਸ਼ ਹੋ ਜਾਂਦੇ ਹੋ, ਜਾਂ ਉਹ ਤੁਹਾਡੇ ਵਿੱਚ ਨਿਰਾਸ਼ ਹੋ ਜਾਂਦੀ ਹੈ, ਇਸ ਦੇ ਬਾਵਜੂਦ ਵੀ ਤੁਸੀਂ ਇੱਕ ਦੂਜੇ ਨੂੰ ਸਮਝਦੇ ਹੋ।**

ਇਹੀ ਤਰੀਕਾ ਮਸੀਹ ਨਾਲ ਵੀ ਹੈ। ਵੇਖੋ, ਸਾਨੂੰ ਉਸਦੇ ਪਿਆਰ ਵਿੱਚ ਇੰਨੇ ਜਿਆਦਾ ਹੋਣਾ ਚਾਹੀਦਾ ਹੈ ਕਿ ਜਦ ਅਸੀਂ ਕਿਸੇ ਚੀਜ਼ ਦੀ ਮੰਗ ਕਰਦੇ ਹਾਂ ਅਤੇ ਉਹ ਸਾਨੂੰ ਇਹ ਨਹੀਂ ਦਿੰਦਾ, ਇ ਸਾਨੂੰ ਥੋੜ੍ਹਾ ਜਿਹਾ ਵੀ ਨਹੀਂ ਹਿਲਾਉਂਦਾ ਹੈ। ਸਮਝੇ? ਕਿਵੇਂ? ਅਤੇ ਇੱਕ ਹੀ ਤਰੀਕਾ ਹੈ ਕਿ ਤੁਸੀਂ ਇਹ ਕਰ ਸਕਦੇ ਹੋ ਇਹ ਇਹ ਕਿ ਤੁਸੀਂ **ਉਸਦੇ ਰੱਬੀ ਸੁਭਾਅ ਦਾ ਹਿੱਸਾ ਬਣ ਜਾਓ। ਫਿਰ ਤੁਹਾਨੂੰ ਕਾਰਨ ਸਮਝ ਆ ਜਾਵੇਗਾ ਕਿ ਉਹ ਤੁਹਾਨੂੰ ਇਹ ਨਹੀਂ ਦੇ ਸੱਕਦਾ ਹੈ: ਉਸਦੇ ਰੱਬੀ ਸੁਭਾਅ ਦਾ ਹਿੱਸਾ ਹੋਣਾ।** ਅਤੇ ਇੱਧਰ ਵੇਖੋ: ਤੁਸੀਂ ਓਸ ਵਿਨਾਸ ਤੋਂ ਛੁੱਟ ਕੇ ਜੋ ਕਾਮਨਾ ਦੇ ਕਾਰਨ ਜਗਤ ਵਿੱਚ ਹੈ : ਇਸ ਤੋਂ ਛੁੱਟ ਕੇ (2ਪਤਰਸ 1:3–4)। ਵੇਖੋ ਇਹ ਕੌਣ ਹੈ? ਇਹ

ਕਲੀਸਿਯਾ ਦੇ ਲਈ ਹੈ। **ਉਹ ਜੋ ਮਸੀਹ ਵਿੱਚ ਹਨ ਉਹਨਾਂ ਨੂੰ ਇਹਨਾਂ ਚੀਜ਼ਾ ਤੋਂ ਉਪਰ ਉਠਾ ਲਿਆ ਗਿਆ ਹੈ,** ਉਸ ਨੇ ਆਪਣੇ ਆਪ ਨੂੰ ਉੱਚਾ ਨਹੀਂ ਕੀਤਾ, ਪਰ ਮਸੀਹ ਨੇ ਉਸਨੂੰ ਉੱਚਾ ਚੁੱਕਿਆ ਹੈ।[10]

ਅਤੇ ਜੇਕਰ ਤੁਸੀਂ ਆਪਣੇ ਅੰਦਰ ਮਸੀਹ ਦੇ ਆਤਮਾ ਨੂੰ ਪ੍ਰਾਪਤ ਕੀਤਾ ਹੈ, ਤਾਂ ਤੁਸੀਂ ਉੱਪਰ ਦੇ ਹੋ। ਫਿਰ ਤੁਸੀਂ ਇੱਥੇ ਇੱਕ ਅਜਨਬੀ ਹੋ ( 1 ਪਤਰਸ 1 :17–23)। **ਪਰ ਜਿਸ ਸਥਾਨ ਤੋਂ ਤੁਸੀਂ ਹੋ ਉੱਥੇ ਦਾ ਸੁਭਾਅ ਤੁਹਾਨੂੰ ਮਿਲਿਆ ਹੈ;** ਮੈਂ ਇਹੀ ਕਹਿਣ ਦੀ ਕੋਸ਼ਿਸ਼ ਕਰ ਰਿਹਾਂ ਹਾਂ।

ਇੱਕ ਰੋਮੀ ਇੱਥੇ ਆਉਂਦਾ ਹੈ ਅਤੇ ਉਹ ਆਪਣੇ ਸਿਰ ਨੂੰ ਖੁਰਕਦਾ ਹੈ; ਅਤੇ ਇੱਕ ਜਰਮਨ ਇੱਥੇ ਆਉਂਦਾ ਹੈ; ਇੱਕ ਅਮਰੀਕੀ ਉੱਥੇ ਜਾਂਦਾ ਹੈ। ਕਿਵੇਂ? **ਤੁਹਾਨੂੰ ਉਹਨਾਂ ਦੇਸ਼ਾਂ ਦੇ ਆਤਮਾ ਮਿਲੇ ਹਨ ਜਿੱਥੋਂ ਤੁਸੀਂ ਆਏ ਹੋ।** ਇਹ ਹੀ ਹੈ ਜੋ ਸਾਨੂੰ ਸੰਸਾਰ ਤੋਂ ਇੰਨਾ ਅਲੱਗ ਬਣਾਉਂਦਾ ਹੈ। **ਤੁਸੀਂ ਉਪਰੋਂ ਹੋ** (ਯੂਹੰਨਾ 17:6–14)। ਤੁਹਾਡਾ ਜਨਮ ਹੋਇਆ ਹੈ, **ਤੁਸੀਂ ਕਿਸੇ ਹੋਰ ਰਾਜ ਦੇ ਨਾਗਰਿਕ ਹੋ** (ਫਿਲਿੱਪੀਆਂ 3:20–21)। ਤੁਸੀਂ ਇਸ ਤੇ ਵਿਸ਼ਵਾਸ ਕਰਦੇ ਹੋ? **ਪਵਿੱਤਰ ਆਤਮਾ ਇਹ ਹੀ ਹੈ, ਜੋ ਤੁਹਾਨੂੰ ਪਰਮੇਸ਼ੁਰ ਤੇ ਰਾਜ ਦਾ ਨਾਗਰਿਕ ਬਣਾਉਂਦਾ ਹੈ।**

ਫਿਰ ਜੇਕਰ ਤੁਸੀਂ ਪਰਮੇਸ਼ੁਰ ਦੇ ਰਾਜ ਦੇ ਨਾਗਰਿਕ ਹੋ, ਤਾਂ ਇਹ ਤੁਹਾਡੇ ਤੋਂ ਕਿਸ ਤਰ੍ਹਾਂ ਦਾ ਵਿਵਹਾਰ ਕਰਵਾਉਂਦਾ ਹੈ? **ਜਿਸ ਤਰ੍ਹਾਂ ਪਰਮੇਸ਼ੁਰ ਆਪਣੇ ਰਾਜ ਵਿੱਚ ਕਰਦਾ ਹੈ।** ਹੁਣ, ਪਰਮੇਸ਼ੁਰ ਆਪਣੇ ਰਾਜ ਵਿੱਚ ਕੀ ਕਰਦਾ ਹੈ? ਇਹ ਪਵਿੱਤਰਤਾ, ਧਾਰਮਿਕਤਾ, ਵਿਚਾਰਾਂ ਦੀ ਸ਼ੁੱਧਤਾ, ਮਨ ਦੀ ਸ਼ੁੱਧਤਾ, ਸ਼ਕਤੀ ਅਤੇ ਪਿਆਰ ਹੈ, ਗੁਆਚਿਆਂ ਹੋਇਆਂ ਦੇ ਪਿੱਛੇ ਜਾਣਾ, ਬਿਮਾਰਾਂ ਨੂੰ ਚੰਗਾ ਕਰਨਾ, ਚਮਤਕਾਰ ਕਰਨਾ ਅਤੇ ਮਹਾਨ ਕੰਮ ਕਰਨਾ ਹੈ। ਫਿਰ ਦੁਨੀਆਂ ਨੂੰ ਤੁਸੀਂ ਪਾਗਲ ਨਜ਼ਰ ਆਉਂਦੇ ਹੋ; ਉਹ ਕਹਿੰਦੇ ਹਨ,"ਉਹ ਲੋਕ ਉਹਨਾਂ ਦੇ ਦਿਮਾਗ ਖਰਾਬ ਹੈ।" ਸਮਝੇ? ਪਰ ਤੁਸੀਂ ਸਵਰਗ ਰਾਜ ਦੇ ਨਾਗਰਿਕ ਹੋ।[11]

ਇਸ ਲਈ, ਅਸੀਂ ਇੱਥੇ ਯਾਤਰੀ ਅਤੇ ਪਰਦੇਸ਼ੀ ਹਾਂ; **ਇਹ ਸਾਡੇ ਰਹਿਣ ਦਾ ਸਥਾਨ ਨਹੀਂ ਹੈ।** ਪਰ ਅਸੀਂ ਤਾਂ ਉਸ ਆਉਣ ਵਾਲੇ ਨਗਰ ਦੀ ਖੋਜ ਕਰ ਰਹੇ ਹਾਂ ਜਿਸ ਨੂੰ ਬਣਾਉਣ ਵਾਲਾ ਅਤੇ ਰਚਨ ਵਾਲਾ ਪਰਮੇਸ਼ੁਰ ਹੈ (ਇਬਰਾਨੀਆਂ ਨੂੰ 11:10)। ਇਸ ਲਈ, ਜਦ ਤੁਸੀਂ ਉੱਪਰ ਤੋਂ ਜਨਮ ਲੈਂਦੇ ਹੋ, ਤੁਹਾਡੇ ਕੋਲ ਪਵਿੱਤਰ ਆਤਮਾ ਪਰਮੇਸ਼ੁਰ ਦੇ ਕੋਲੋਂ ਹੇਠਾਂ ਆ ਜਾਂਦਾ ਹੈ, **ਜੋ ਤੁਹਾਡੇ ਸੁਭਾਅ ਨੂੰ ਬਦਲ ਦਿੰਦਾ ਹੈ।** ਇਸ ਤੋਂ ਕੋਈ ਮਤਲਬ ਨਹੀਂ ਹੈ, ਤੁਹਾਡੀ ਭੈਣ, ਤੁਹਾਡੀ ਮਾਂ, ਤੁਹਾਡੀ ਸੱਭ ਤੋਂ ਪਿਆਰੀ ਸਹੇਲੀ ਉਸ ਤਰੀਕੇ ਦੇ ਕੱਪੜੇ ਪਹਿਨ ਸੱਕਦੀਆਂ ਹਨ; ਪਰ ਇੱਕ ਮਸੀਹੀ ਜੋ ਪ੍ਰਮੇਸ਼ੁਰ ਦੇ ਆਤਮਾ ਤੋਂ ਜਨਮਿਆ ਹੈ ਉਹ ਉੱਪਰੋਂ ਜਨਮਿਆ ਹੈ, ਅਤੇ ਉਹਨਾਂ ਦਾ ਆਤਮਾ ਕਿਸੇ ਦੂਸਰੇ ਰਾਜ ਤੋਂ ਹੈ (ਯੂਹੰਨਾ 3:3–8)। ਓਹ, ਮੈਂ ਇਸ ਕਾਰਨ ਬਹੁਤ ਹੀ ਖੁਸ਼ ਹਾਂ। ਪਵਿੱਤਰ ਆਤਮਾ ਦੀ ਸਦਾਗੀ, ਉਸਦਾ ਅਨੁਕਰਣ, ਉਸਨੂੰ ਦੇਖਣਾ, ਇਹ ਕਿਸ ਤਰ੍ਹਾਂ ਨਾਲ ਵਿਵਹਾਰ ਕਰਦਾ ਹੈ, ਓਸੇ ਤਰ੍ਹਾਂ ਤੁਹਾਡੇ ਤੋਂ ਵਿਵਹਾਰ ਕਰਵਾਉਂਦਾ ਹੈ...[12]

ਇਸ ਤੋਂ ਪਹਿਲਾਂ ਕਿ ਪਰਮੇਸ਼ੁਰ **ਪਵਿੱਤਰ ਆਤਮਾ ਦੇ ਵਿਅਕਤੀ ਦੇ ਰੂਪ ਵਿੱਚ ਉੱਤਰੇ** ਜੋ ਕਿ ਮਸੀਹ ਹੈ, ਹੇਠਾਂ ਆਵੇ ਅਤੇ ਮਨੁੱਖ ਦੇ ਦਿਲ ਵਿੱਚ ਵਾਸ ਕਰੇ, **ਇਸ ਤੋਂ ਪਹਿਲਾ ਤੋਬਾ ਜਰੂਰੀ ਹੈ। ਇਹ ਵਿਖਾਉਣ ਲਈ ਕਿ ਉਹ ਕਿਸਦਾ ਹੈ, ਉਸਨੂੰ ਉਸਦੇ ਨਾਮ ਵਿੱਚ ਪਾਣੀ ਦਾ ਬਪਤਿਸਮਾ ਲੈਣਾ ਵੀ ਜਰੂਰੀ ਹੈ** (ਰਸੂਲਾਂ ਦੇ ਕਰਤੱਬ 2:37–41)। **ਫਿਰ ਇਸਦਾ ਯਿਸੂ ਦੇ ਲਹੂ ਨਾਲ ਸ਼ੁੱਧ ਹੋਣਾ ਵੀ ਜਰੂਰੀ ਹੈ। ਅਤੇ ਫਿਰ ਪਰਮੇਸ਼ੁਰ ਵੱਲੋਂ ਪਵਿੱਤਰ ਆਤਮਾ ਅਤੇ ਪਵਿੱਤਰ ਅੱਗ ਆਉਂਦੀ ਹੈ, ਜੋ ਪਾਪ ਦੀ ਸਾਰੀ ਇੱਛਾ ਨੂੰ ਅਤੇ ਸਾਰੇ ਸੰਸਾਰਕ ਸੁਭਾਅ ਨੂੰ ਭਸਮ ਕਰ ਦਿੰਦੀ ਹੈ।** ਅਤੇ ਇਸੇ ਲਈ, ਜਿਹੜਾ ਸੱਚਾਈ ਦਾ ਗਿਆਨ ਪ੍ਰਾਪਤ ਕਰਨ ਤੋਂ ਬਾਅਦ ਜਾਣ ਬੁੱਝ ਕੇ ਪਾਪ ਕਰੀ ਜਾਵੇ ...( ਇਬਰਾਨੀਆਂ 10:26–27)।

ਅਤੇ ਫਿਰ ਬਾਈਬਲ ਆਖਦੀ ਹੈ ਇਹ ਅਸੰਭਵ ਹੈ, ਕਿਉਂਕਿ ਉਹ ਆਦਮੀ ਜਿਹੜਾ ਪਰਮੇਸ਼ੁਰ ਤੋਂ ਜੰਮਿਆ ਹੈ ਪਾਪ ਕਰ ਹੀ ਨਹੀਂ ਸਕਦਾ, ਉਹ ਪਾਪ ਨਹੀਂ ਕਰਦਾ ਹੈ। ਉਸ ਦੇ ਲਈ ਪਾਪ ਕਰਨ ਦਾ ਕੋਈ ਤਰੀਕਾ ਹੈ ਹੀ ਨਹੀਂ (1 ਯੂਹੰਨਾ 3:9; 5:18)। ਉਹ ਇੱਕ ਹੀ ਸਮੇਂ ਪਾਪੀ ਅਤੇ ਛੁਟਕਾਰਾ ਪ੍ਰਾਪਤ ਕੀਤਾ ਹੋਇਆ ਕਿਵੇਂ ਹੋ ਸਕਦਾ ਹੈ? ਮੈਂ ਇੱਕ ਹੀ ਸਮੇਂ ਵਿਆਜ ਵਾਲੇ ਦੀ ਦੁਕਾਨ ਦੇ ਅੰਦਰ ਅਤੇ ਬਾਹਰ ਕਿਸ ਤਰ੍ਹਾਂ ਹੋ ਸਕਦਾ ਹਾਂ? ਸਮਝੇ? ਔਹ, ਉਸਨੇ ਆਪਣੇ ਲਹੂ ਨਾਲ ਸਾਨੂੰ ਛੁਡਾਇਆ ਹੈ (ਅਫਸੀਆਂ 1:7); ਆਪਣੇ ਆਤਮਾ ਦੁਆਰਾ ਸਾਨੂੰ ਸ਼ੁੱਧ ਕੀਤਾ ਹੈ ਅਤੇ ਫਿਰ ਸਾਡੇ ਵਿੱਚ, ਕਲੀਸਿਯਾ ਵਿੱਚ, ਵਾਸ ਕਰਨ ਲਈ ਆਉਂਦਾ ਹੈ, ਕਿਸੇ ਸੰਸਥਾ ਵਿੱਚ ਨਹੀਂ, ਪਰ ਹੁਣ, ਕਲੀਸਿਯਾ ਵਿੱਚ ਵਾਸ ਕਰਨ ਲਈ ਆਉਂਦਾ ਹੈ! (ਅਫਸੀਆਂ ਨੂੰ 2:19–22)

ਉਹ ਪਵਿੱਤਰ ਲਹੂ, ਪਰਮੇਸ਼ੁਰ ਦੁਆਰਾ ਰਚਿਆ ਗਿਆ ਸੀ, ਲਹੂ, ਜੀਵਨ, ਪਰਮੇਸ਼ੁਰ ਦੀ ਸਰਿਸ਼ਟੀ ਸੀ: ਯਿਸੂ ਪਰਮੇਸ਼ੁਰ ਦੀ ਸਰਿਸ਼ਟ ਦਾ ਮੁੱਢ ਸੀ (ਕੁਲੁੱਸੀਆਂ 1:13–16)। ਔਹ ਮੇਰੇ ਪ੍ਰਭੂ। ਕੀ ਤੁਸੀਂ ਇਸਨੂੰ ਸਮਝੇ? ਪਰਮੇਸ਼ੁਰ ਨੇ ਉਸਦੇ ਵਿੱਚ ਆਪਣੀ ਸਰਿਸ਼ਟੀ ਨੂੰ ਬਣਾਇਆ ਸੀ। ਉਹ ਆਤਮਾ ਸੀ (ਯੂਹੰਨਾ 4:24)। ਬਾਈਬਲ ਕਹਿੰਦੀ ਹੈ ਕਿ ਉਹ ਪਰਮੇਸ਼ੁਰ ਦੀ ਸਰਿਸ਼ਟ ਦਾ ਆਰੰਭ ਹੈ। ਉਸਦਾ ਆਰੰਭ ਕਿਵੇਂ ਹੋਇਆ? ਇੱਕ ਔਰਤ ਦੀ ਕੁੱਖ ਵਿੱਚ, ਜੋ ਕਿ ਕੀ ਹੈ?

ਜਿਵੇਂ ਕਿ ਉਹ ਅੰਨ੍ਹੇ ਲੋਕ ਸੱਪ ਦੀ ਸੰਤਾਨ ਨੂੰ ਇੱਥੇ ਕਿਸ ਤਰ੍ਹਾਂ ਨਹੀਂ ਵੇਖ ਸਕਦੇ ਹਨ, ਸਮਝੇ। ਹੱਵਾਹ ਨੂੰ ਇੱਥੇ ਧਰਤੀ ਤੇ ਰੱਖਿਆ ਗਿਆ ਸੀ, ਅਤੇ ਇਸ ਤੋਂ ਪਹਿਲਾਂ ਸ਼ੈਤਾਨ ਜਾਂ ਕੋਈ ਹੋਰ ਉਸਨੂੰ ਹੱਥ ਲਾਉਂਦਾ, ਪਰਮੇਸ਼ੁਰ ਨੇ ਉਹਨਾਂ ਨੂੰ ਕਿਹਾ,"ਫਲੋ ਫੁੱਲੋ ਅਤੇ ਧਰਤੀ ਨੂੰ ਭਰ ਦਿਓ।"(ਉਤਪਤ 1:28)। ਇਹ ਸਹੀ ਹੈ। ਪਰ ਸ਼ੈਤਾਨ ਇੱਥੇ ਅੰਦਰ ਆ ਗਿਆ, ਅਤੇ ਜੇ ਉਹ ਆਦਮ ਦਾ ਪੁੱਤਰ ਸੀ ਤਾਂ ਫਿਰ ਆਦਮ ਸਿੱਧਾ ਪਰਮੇਸ਼ੁਰ ਦੇ ਵੰਸ਼ ਵਿੱਚੋਂ ਸੀ, ਅਤੇ ਤੁਸੀਂ ਬਸ ਆਪਣੇ ਮਾਤਾ, ਪਿਤਾ ਦਾ ਸੁਭਾਅ ਲੈਂਦੇ ਹੋ। ਅਤੇ ਜਦ ਤੁਸੀਂ ਨਵਾਂ ਜਨਮ ਪਾ ਲੈਂਦੇ ਹੋ ਤਾਂ ਤੁਸੀਂ ਆਪਣੇ ਸਵਰਗੀ ਮਾਂ ਬਾਪ ਦਾ ਸੁਭਾਅ ਲੈਂਦੇ ਹੋ। ਅਤੇ ਤੁਹਾਡੇ ਸਵਰਗੀ ਮਾਂ ਬਾਪ ਵਚਨ ਦਾ ਗੁਣ ਹੈ, ਜਾਂ ਵਚਨ ਤੁਹਾਡੇ ਮਾਂ ਬਾਪ ਦਾ ਗੁਣ ਹੈ।[13]

ਅਤੇ ਇੱਕ ਆਦਮੀ ਜੋ ਪਰਮੇਸ਼ੁਰ ਤੋਂ ਪੈਦਾ ਹੁੰਦਾ ਹੈ, ਪਰਮੇਸ਼ੁਰ ਦੇ ਪੁੱਤਰ ਵਿੱਚ ਪਰਮੇਸ਼ੁਰ ਦਾ ਸੁਭਾਅ ਹੋਣਾ ਹੀ ਹੈ। ਉਸਨੂੰ ਪਰਮੇਸ਼ੁਰ ਦੇ ਵਰਗਾ ਹੋਣਾ ਹੀ ਪੈਣਾ ਹੈ। ਉਹ ਪਰਮੇਸ਼ੁਰ ਦਾ ਆਦਰ ਕਰਦਾ ਹੈ। ਉਹ ਪਰਮੇਸ਼ੁਰ ਦੇ ਵਚਨ ਦਾ ਹਿੱਸਾ ਹੈ।[14]

ਹੁਣ, ਇਸ ਨੂੰ ਹੁਣ ਡੂੰਘਾ ਜਾਣ ਦਿਓ। ਪ੍ਰਚਾਰ ਨਹੀਂ ਕਰ ਰਿਹਾਂ ਹਾਂ; ਅਸੀਂ ਬਸ ਇਸ ਸਬਕ ਨੂੰ ਸਿਖਾ ਰਹੇ ਹਾਂ ਰੱਬੀ ਸੁਭਾਅ...

ਹੁਣ, ਪਵਿੱਤਰ ਪਰਮੇਸ਼ੁਰ ਪਾਪ ਨੂੰ ਅਣਗੌਲਿਆਂ ਨਹੀਂ ਕਰ ਸਕਦਾ ਸੀ। ਇਸ ਲਈ ਪਹਾੜ ਨੂੰ ਕੋਈ ਵੀ ਨਹੀਂ ਛੂਹ ਸਕਦਾ ਸੀ ਜਿੱਥੇ ਪਰਮੇਸ਼ੁਰ ਮੌਜੂਦ ਸੀ। ਫਿਰ ਪ੍ਰਮੇਸ਼ੁਰ ਦੇਹਧਾਰੀ ਹੋਇਆ ਅਤੇ ਆਪਣੇ ਪੁੱਤਰ ਯਿਸੂ ਦੇ ਰੂਪ ਵਿੱਚ ਸਾਡੇ ਵਿੱਚ ਡੇਰਾ ਕੀਤਾ, ਜੋ ਉਸਦੀ ਸਰਿਸ਼ਟ ਸੀ। ਫਿਰ ਉਸ ਪੁੱਤਰ ਨੇ ਆਪਣਾ ਜੀਵਨ ਦਿੱਤਾ, ਅਰ ਪ੍ਰਮੇਸ਼ੁਰ ਦੇ ਲਹੂ ਦੀ ਕੋਸ਼ਿਕਾ ਨੂੰ ਤੋੜਿਆ ਗਿਆ ਤਾਂ ਕਿ ਲਹੂ ਵਿੱਚੋਂ ਜੀਵਨ ਨਿੱਕਲ ਕੇ ਸਾਡੇ ਕੋਲ ਆ ਸਕੇ। ਉਸ ਲਹੂ ਦੇ ਦੁਆਰਾ ਅਸੀਂ ਸ਼ੁੱਧ ਹੁੰਦੇ ਹਾਂ। ਅਤੇ ਹੁਣ ਸਾਡਾ ਲਹੂ, ਸਾਡੀ ਜ਼ਿੰਦਗੀ, ਜੋ ਕਿ ਕਾਮ–ਵਾਸ਼ਨਾ ਦੇ ਜ਼ਰੀਏ ਸੀ ਸਾਨੂੰ ਸੰਸਾਰ ਵਿੱਚ ਲਿਆਈ; ਪਰ ਯਿਸੂ ਮਸੀਹ ਦਾ ਲਹੂ ਸਾਨੂੰ ਸ਼ੁੱਧ ਕਰਦਾ ਹੈ (1 ਯੂਹੰਨਾ 1:7), ਸਾਡੇ ਉੱਤੇ ਪਵਿੱਤਰ ਆਤਮਾ ਨੂੰ ਭੇਜ ਕੇ ਸਾਡੇ ਸੁਭਾਅ ਨੂੰ ਬਦਲਦਾ ਹੈ, ਫਿਰ ਅਸੀਂ ਪਰਮੇਸ਼ੁਰ ਦੇ ਰੱਬੀ ਸੁਭਾਅ ਵਿੱਚ ਆ ਜਾਂਦੇ ਹਾਂ, ਫਿਰ ਅਸੀਂ ਪਰਮੇਸ਼ੁਰ ਦਾ ਨਿਵਾਸ ਸਥਾਨ ਬਣ ਜਾਂਦੇ ਹਾਂ।

ਅਤੇ ਵਿਸ਼ਵਾਸ ਇੱਕ ਕੁੰਜੀ ਹੈ। ਵਿਸ਼ਵਾਸ ਕੁੰਜੀ ਨੂੰ ਫੜ੍ਹੀ ਰੱਖਦਾ ਹੈ, ਕੁੰਜੀ ਲਿਖਤਾਂ ਹਨ, ਅਤੇ ਮਸੀਹ ਦਰਵਾਜਾ ਹੈ (ਯੂਹੰਨਾ 10:9)। ਇਸ ਲਈ ਵਿਸ਼ਵਾਸ ਲਿਖਤਾਂ ਦੇ ਛੋਟੇ ਜੋੜਾਂ ਨੂੰ ਲੈਂਦਾ ਹੈ ਅਤੇ **ਆਪਣੇ ਲੋਕਾਂ ਲਈ ਪਰਮੇਸ਼ੁਰ ਦੀ ਮਹਿਮਾ ਅਤੇ ਭਲਿਆਈਆਂ ਨੂੰ ਖੋਲ੍ਹਦਾ ਹੈ**। ਇਸ ਲਈ ਵਿਸ਼ਵਾਸ ਕੁੰਜੀ ਨੂੰ ਰੱਖਦਾ ਹੈ **ਜੋ ਮਸੀਹ ਨੂੰ ਲੋਕਾਂ ਵਿੱਚ ਖੋਲ੍ਹਦਾ ਹੈ, ਤਾਲਾ ਖੋਲ੍ਹਦਾ ਹੈ, ਇਸਨੂੰ ਪ੍ਰਗਟ ਕਰਦਾ ਹੈ**।

ਇਸ ਲਈ ਅਸੀਂ ਪਰਮੇਸ਼ੁਰ ਦੇ ਚੱਰਿਤਰ ਵਿੱਚ ਇੱਕ ਗੁਣੀ ਮਸੀਹ ਬਣਨ ਦੇ ਤਰੀਕੇ ਨੂੰ ਖੋਲਣੇ ਦੇ ਲਈ ਉਸ ਕੁੰਜੀ ਨੂੰ ਲੈਂਦੇ ਹਾਂ , ਅਤੇ ਉਸ ਵਿੱਚ ਵਸਣ ਵਾਲੇ ਜੀਵਿਤ ਪਰਮੇਸ਼ੁਰ ਲਈ ਇਕ ਜੀਵਤ ਤੰਬੂ ਰਹਿਣ ਦੀ ਕੋਸ਼ਿਸ਼ ਕਰਨ ਜਾ ਰਹੇ ਹਾਂ ( ਦੂਜਾ ਪਤਰਸ 1:3–11)।

ਯਾਦ ਰੱਖੋ, ਪਰਮੇਸ਼ੁਰ ਤਿੰਨ ਤਰੀਕਿਆਂ ਨਾਲ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਪਹਿਲੀ ਵਾਰ ਉਸ ਨੇ ਆਪਣੇ ਆਪ ਨੂੰ ਅੱਗ ਦੇ ਖੰਭੇ ਵਿੱਚ ਪ੍ਰਗਟ ਕੀਤਾ। ਜਿਸ ਨੂੰ ਪਿਤਾਪਣ (FATHERHOOD) ਕਿਹਾ ਜਾਂਦਾ ਸੀ। ਫਿਰ ਉਹ ਹੀ ਪਰਮੇਸ਼ੁਰ ਯਿਸੂ ਮਸੀਹ ਵਿੱਚ ਪ੍ਰਗਟ ਹੋਇਆ, ਜਿਸ ਨੇ ਉਸ ਨੂੰ ਇਕ ਸਰੀਰ ਬਣਾਇਆ, ਇਸ ਸਰੀਰ ਨੂੰ ਬਣਾਇਆ। ਤੀਜੀ ਵਾਰ, ਉਸ ਸਰੀਰ ਦੀ ਮੌਤ ਰਾਹੀਂ **ਉਸ ਨੇ ਕਲੀਸਿਆ ਨੂੰ ਪਵਿੱਤਰ ਕੀਤਾ ਜਿਸ ਵਿੱਚ ਉਹ ਰਹਿ ਸਕਦਾ ਹੈ**। ਇਹ ਸੀ ਪਰਮੇਸ਼ੁਰ ਸਾਡੇ ਉੱਪਰ, ਪਰਮੇਸ਼ੁਰ ਸਾਡੇ ਨਾਲ, **ਪਰਮੇਸ਼ੁਰ ਸਾਡੇ ਵਿੱਚ : ਇੱਕ ਹੀ ਪਰਮੇਸ਼ੁਰ**।

ਹੁਣ, **ਪਹਿਲਾ ਇਹ ਵਿਸ਼ਵਾਸ ਹੈ;** ਨੇਕੀ ਹੈ। ਅਤੇ ਫਿਰ ਤੀਸਰੀ ਗੱਲ, ਤੁਸੀਂ ਗਿਆਨ ਨੂੰ ਜੋੜਦੇ ਹੋ। ਗਿਆਨ, ਹੁਣ ਇਸਦਾ ਮਤਲਬ ਦੁਨਿਆਵੀ ਗਿਆਨ ਤੋਂ ਨਹੀਂ ਹੈ, ਇਹ ਤਾਂ ਪਰਮੇਸ਼ੁਰ ਦੇ ਲਈ ਮੂਰਖਤਾ ਹੈ, ਪਰ ਨਿਰਣਾ ਕਰਨ ਲਈ ਗਿਆਨ। **ਹੁਣ, ਕੀ ਨਿਰਣਾ ਕਰਨਾ? ਸਹੀ ਤੋਂ ਗਲਤ**।

ਜੇਕਰ ਤੁਸੀਂ ਆਪਣੀ ਨੇਕੀ ਅਤੇ ਵਿਸ਼ਵਾਸ ਨਾਲ ਮਸੀਹੀ ਗਿਆਨ ਨੂੰ ਪ੍ਰਾਪਤ ਕਰ ਲੈਂਦੇ ਹੋ ਤਾਂ ਤੁਸੀਂ ਇਸਦਾ ਨਿਰਣਾ ਕਰਦੇ ਹੋ ਕਿ ਵਚਨ ਸਹੀ ਹੈ ਜਾਂ ਗਲਤ ਹੈ। ਅਤੇ ਜੇ ਤੁਸੀਂ ਆਪਣੇ ਸਾਰੇ ਅਕੀਦਿਆਂ ਅਤੇ ਅਵਿਸ਼ਵਾਸ ਨੂੰ ਅੱਲਗ ਕਰ ਸਕਦੇ ਹੋ, ਤਾਂ ਜੋ ਕੁਝ ਜਾਨਣ ਦਾ ਤੁਸੀਂ ਦਾਅਵਾ ਕਰਦੇ ਹੋ, ਤਾਂ ਤੁਹਾਡੇ ਕੋਲ ਇਹ ਪ੍ਰਤੀਤ ਕਰਨ ਦਾ ਗਿਆਨ ਹੈ ਕਿ ਪਰਮੇਸ਼ੁਰ ਝੂਠ ਨਹੀਂ ਬੋਲ ਸਕਦਾ। "ਹਰੇਕ ਮਨੁੱਖ ਦਾ ਸ਼ਬਦ ਝੂਠਾ, ਪਰ ਮੇਰਾ ਸੱਚ ਹੈ।" ਸਮਝੇ। ਹੁਣ ਤੁਸੀਂ ਗਿਆਨ ਪ੍ਰਾਪਤ ਕਰ ਰਹੇ ਹੋ। **ਜੋ ਕਿ ਸਰਵਉੱਤਮ ਗਿਆਨ ਹੈ**। ਤੁਹਾਨੂੰ ਇਹ ਪ੍ਰਾਪਤ ਕਰਨ ਲਈ ਕਿਸੇ ਵੀ ਕਾਲਜ ਦੀਆਂ ਚਾਰ ਡਿਗਰੀਆਂ ਜਾਂ ਕਿਸੇ ਹੋਰ ਚੀਜ ਦੀ ਜਰੂਰਤ ਨਹੀਂ ਹੈ, ਕਿਉਂਕਿ ਇਹ ਸਾਰੇ ਗੁਣ ਤੁਹਾਨੂੰ ਪਰਮੇਸ਼ੁਰ ਦੁਆਰਾ ਤੁਹਾਡੀ ਨਿਹਚਾ ਦੀ ਬੁਨਿਆਦ ਰੱਖਣ ਲਈ ਦਿੱਤੇ ਗਏ ਹਨ, **ਤਾਂ ਕਿ ਤੁਸੀਂ ਪੂਰੀ ਤਰ੍ਹਾਂ ਪਰਮੇਸ਼ੁਰ ਦੇ ਅਸਲੀ ਜੀਵਿਤ ਵਿਅਕਤੀ ਦੇ ਸੂੰਪਰਨ ਡੀਲ ਡੋਲ ਵਿੱਚ ਆ ਸਕੋ**।

ਪਰ ਜਦੋਂ ਤੁਸੀਂ ਵੇਖ ਸਕਦੇ ਹੋ ਕਿ ਲਿਖਤਾਂ ਵਿੱਚ ਵਿਰੋਧੀਵਾਦ ਨਹੀਂ ਹੈ, ਤਾਂ **ਤੁਸੀ ਪਰਮੇਸ਼ੁਰ ਦੇ ਪ੍ਰਕਾਸ਼ਨ ਦੇ ਦੁਆਰਾ ਵੇਖ ਸੱਕਦੇ ਹੋ ਕਿ ਸਾਰਾ ਵਚਨ ਭੇਤਾਂ ਵਿੱਚ ਲਿਖਿਆ ਗਿਆ ਹੈ, ਅਤੇ ਸਿਰਫ ਪਰਮੇਸ਼ੁਰ ਦਾ ਗਿਆਨ ਹੀ ਇਸਨੂੰ ਪ੍ਰਗਟ ਕਰ ਸਕਦਾ ਹੈ**। ਤਦ ਜਦੋਂ ਤੁਸੀਂ ਇਸਨੂੰ ਪ੍ਰਾਪਤ ਕਰਦੇ ਅਤੇ ਪਰਮੇਸ਼ੁਰ ਦੇ ਹਰੇਕ ਵਚਨ ਨਾਲ "ਆਮੀਨ" ਜੋੜਦੇ ਹੋ। " ਫਿਰ ਇਸਨੂੰ ਆਪਣੇ ਵਿਸ਼ਵਾਸ ਨਾਲ ਜੋੜ ਦਿਓ।

**ਆਪਣੇ ਵਿਸ਼ਵਾਸ ਨਾਲ**, ਨੇਕੀ, ਆਪਣੀ ਨੇਕੀ ਨਾਲ ਗਿਆਨ, ਆਪਣੇ ਗਿਆਨ ਨਾਲ, ਧੀਰਜ; ਆਪਣੇ ਧੀਰਜ ਨਾਲ ਸੰਜਮ ; ਆਪਣੇ ਸੰਜਮ ਨਾਲ ਆਪਣੀ ਭਗਤੀ, **ਅਤੇ ਆਪਣੀ ਭਗਤੀ ਨਾਲ ਭਾਈਚਾਰੇ ਦਾ ਪਿਆਰ,**

ਭਾਈਚਾਰੇ ਦੇ ਪਿਆਰ ਨਾਲ, ਪਵਿੱਤਰ ਆਤਮਾ ਅਤੇ ਮਸੀਹ ਆਵੇਗਾ। 'ਉਸਦੇ ਠੀਕ ਹੇਠਾਂ, ਪਵਿੱਤਰ ਆਤਮਾ ਹੈ, ਇਹਨਾਂ ਗੁਣਾਂ ਨੂੰ ਪ੍ਰਗਟ ਕਰਨ ਲਈ ਯਿਸੂ ਮਸੀਹ ਦਾ ਆਤਮਾ ਕਲੀਸਿਯਾ ਵਿੱਚ ਆਇਆ ਹੈ।[10]


ਹਵਾਲੇ

ਜੀਉਂਦੇ ਪ੍ਰਮੇਸ਼ੁਰ ਦੀਆਂ ਅਟੱਲ ਸੱਚਾਈਆਂ ( 60–0626) ਪੈਰ੍ਹਾ 75–76

ਟੁੱਟੇ ਹੋਏ ਚੁਬੱਚੇ ( 64–0726) ਪੈਰ੍ਹਾ 65

ਸਵਾਲ ਅਤੇ ਜਵਾਲ ( 61–1015M) ਸਵਾਲ ਨੰਬਰ 157, ਸਫਾ 676

ਪ੍ਰਾਣ ਜਿਹੜੇ ਹੁਣ ਕੈਣ ਵਿੱਚ ਹਨ ( 6301110M) ਪੈਰ੍ਹਾ 36–37, 44,47

ਪ੍ਰਮੇਸ਼ੁਰ ਜੋ ਦਯਾ ਵਿੱਚ ਧਨੀ ਹੈ ( 65–0119) ਪੈਰ੍ਹਾ 51–53

ਸਵਾਲ ਅਤੇ ਜਵਾਲ ( 64–0830M) ਸਫਾ 1075, ਪੈਰ੍ਹਾ 59–62

ਇਬਰਾਨੀਆਂ ਪਾਠ 6 ਅਤੇ 7 ( 57–0915M) ਪੈਰ੍ਹਾ 606

ਇਹ ਅਯਾਲੀ ਹੀ ਕਿਉਂ ਹੋਣੇ ਸਨ ( 64–1221) ਪੈਰ੍ਹਾ 199–204

ਅਗੁਵਾਈ ( 65–1207) ਪੈਰ੍ਹਾ 93–95

ਇੱਕ ਸੰਪੂਰਣ ਮਨੁੱਖ ਦਾ ਢਾਂਚਾ ( 62–1014M) ਸਫਾ 8–9,11,13,25–26,65

ਪਵਿੱਤਰ ਆਤਮਾ ਕਿਉਂ ਦਿੱਤਾ ਜਾਂਦਾ ਸੀ? ( 59–1217) ਪੈਰ੍ਹਾ147–149

ਆਉਣ ਵਾਲਾ ਤੂਫਾਨ ( 60–0219) ਪੈਰ੍ਹਾ 84

ਭਵਿੱਖ ਕਾਲ ਵਾਲਾ ਘਰ ( 64–0802) ਪੈਰ੍ਹਾ 111–112, 316–319

ਮਸੀਹ ਦੀ ਲਾੜ੍ਹੀ ਦਾ ਅਣਡਿੱਠ ਮਿਲਾਪ (65–1125) ਪੈਰ੍ਹਾ 243